
Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਦਸੰਬਰ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਨਿੱਕੀਆਂ ਜ਼ਿੰਦਾਂ ਵੱਡੇ ਸਾਕੇ



ਸ਼੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੋਂ ਕਿਲ੍ਹਾ ਖਾਲ੍ਹੀ ਕਰਵਾਇਆ ਗਿਆ ਕਿ ਉਹ ਹਮਲਾ ਨਹੀਂ ਕਰਨਗੇ। ਗੁਰੂ ਸਾਹਿਬ ਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਸੀ ਪਰ ਮਾਤਾ ਗੁਜਰੀ ਜੀ ਅਤੇ ਕੁਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਹਾਲੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਹਾੜੀਆਂ ਰਾਜਿਆਂ ਅਤੇ ਮੁਗਲਾਂ ਨੇ ਪਿੱਛੋਂ ਦੀ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ੍ਹ ਗਿਆ। ਇਸੇ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਵੀ ਆਪਸ ਵਿਚ ਵਿਛੜ ਗਿਆ। ਗੁਰੂ ਸਾਹਿਬ ਅਤੇ ਵੱਡੇ ਸਾਹਿਬਜ਼ਾਦੇ ਕੁੱਝ ਸਿੰਘਾਂ ਨਾਲ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜੰਗਲ ਦੇ ਰਸਤੇ ਗੰਗੂ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਮਾਤਾ ਜੀ ਕੋਲ ਕੁਝ ਗਹਿਣੇ ਅਤੇ ਪੈਸੇ ਦੇਖ ਕੇ ਗੰਗੂ ਦੇ ਮਨ ਵਿਚ ਲਾਲਚ ਆ ਗਿਆ ਅਤੇ ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕਾਰਨ ਬਣਿਆ। ਗੰਗੂ ਨੇ ਮੋਰਿੰਡੇ ਇਤਲਾਹ ਦਿੱਤੀ ਅਤੇ ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਰੱਖਿਆ ਗਿਆ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ, ਪਰ ਸਿਦਕ ਦੇ ਪੱਕੇ ਤੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਉਹ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ! ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਨਾ ਲੱਗਣ ਦਿਓ। ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਸਾਹਿਬਜ਼ਾਦਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ! ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਸਿਪਾਹੀਆਂ ਨੇ ਵਜ਼ੀਰ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿਚ ਖੜ੍ਹੇ ਹੋ ਕੇ, ਗੱਜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ। ਇਹ ਦੇਖ ਕੇ ਸੂਬਾ ਸਰਹੰਦ ਕੰਬ ਉੱਠਿਆ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ, ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਸਿਦਕ ਤੋਂ ਨਾ ਡੋਲੇ।

ਭੁੱਖਣ ਭਾਣੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦੇ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖ਼ਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਘਰੋਂ ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਪਹਿਰੇਦਾਰ ਦੇ ਰੋਕਣ 'ਤੇ ਉਸ ਨੂੰ ਕੁਝ ਮੋਹਰਾਂ ਵੀ ਦੇਣੀਆਂ ਪਈਆਂ। ਮਾਤਾ ਗੁਜਰੀ ਜੀ ਨੇ ਗਰਮ-ਗਰਮ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਭਾਈ ਮੋਤੀ ਰਾਮ ਮਹਿਰਾ ਨੂੰ ਅਸ਼ੀਰਵਾਦ ਦਿੱਤਾ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੀ ਕਚਿਹਰੀ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫ਼ਤਿਹ ਬੁਲਾਈ। ਵਜ਼ੀਰ ਖ਼ਾਨ ਨੇ ਇਸਲਾਮ ਕਬੂਲਣ ਦੀ ਪੇਸ਼ਕਾਰੀ ਕੀਤੀ, ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖ਼ਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਬੱਚਿਆਂ ਨੇ ਜਵਾਬ ਦਿੱਤਾ ਅਸੀਂ ਆਪਣੇ ਗੁਰੂ ਪਿਤਾ ਜੀ ਵਾਂਗ ਸਿੰਘਾਂ ਦੀ ਇੱਕ ਫ਼ੌਜ ਤਿਆਰ ਕਰਕੇ ਤੇਰੇ ਵਰਗੇ ਗਿੱਦੜਾਂ ਨਾਲ ਲੜਾਂਗੇ। ਇਹ ਗੱਲ ਸੁਣ ਕੇ ਸੂਬੇ ਨੇ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਊਂਦਿਆਂ ਹੀ ਨੀਹਾਂ ਵਿਚ ਚਿਣ ਦੇਣਾ ਚਾਹੀਦਾ ਹੈ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਜੱਲਾਦ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਹੀ ਨੀਹਾਂ ਵਿਚ ਚਿਣਨਾ ਸ਼ੁਰੂ ਕਰ ਦਿੱਤਾ, ਜਦੋਂ ਕੰਧ ਛਾਤੀ ਤੱਕ ਪਹੁੰਚੀ ਤੇ ਇੱਟਾਂ ਦਾ ਢਾਂਚਾ ਥੱਲੇ ਡਿੱਗ ਪਿਆ ਜਿਸ ਨੂੰ ਦੇਖ ਕੇ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਹ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਆਪਣਾ ਸਰੀਰ ਤਿਆਗ ਗਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਭਾਈ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ। ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜੀਵਨ ਸਫਲਾ ਕਰਨ ਦੀ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Editor**
**S. Surinder Singh Ruby**
**ETO (Retd.)**
**E-mail:ruby.surinder57@gmail.com**
**M.: 98141-28181**



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

**ਮੁੱਖ ਸੰਪਾਦਕ, ਲੁਬਾਣਾ ਸੇਵਕ**
**ਸੈਕਟਰ 30-ਏ, ਚੰਡੀਗੜ੍ਹ, ਮੋ. 98155-40240**
**e-mail:lobanafoundation@gmail.com**
**Websitelink : bmslchd.org, lobanafoundation.org**

**FOR ONLINE DEPOSITS OF FUNDS BANK ACCOUNT**
**DETAIL IS AS UNDER:-**
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**

**ਪੋਹ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 15-12-2024 (ਐਤਵਾਰ)**
**ਸੰਗਰਾਂਦ - 15-12-2024 (ਐਤਵਾਰ)**
**ਮੱਸਿਆ - 30-12-2024 (ਸੋਮਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 138 | ਦਸੰਬਰ - 2024



| | | |
|---|---|---|
| 1. | ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ! | 4 |
| 2. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 7 |
| 3. | ਸਾਹਿਬਜ਼ਾਦਿਆਂ ਦੀ ਸ਼ਹਾਦਤ | 9 |
| 4. | ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 11 |
| 5. | ਜੀਵਨ ਵਿਕਾਸ – ਇਕ ਸੰਘਰਸ਼ | 13 |
| 6. | ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ | 15 |
| 7. | ਕਹਾਣੀ | 18 |
| 8. | ਸਭੇ ਗਲਾਂ ਵਿਸਰਨੁ ਇਕੋ ਵਿਸਰਿ ਨ ਜਾਉ ॥ (ਅੰਗ 43) | 21 |
| 9. | ਗੁਰ ਸਾਗਰ ਦੇ ਸੁੱਚੇ ਮੋਤੀ | 22 |
| 10. | ਅਲੋਪ ਹੋ ਰਿਹਾ ਕਿੱਤਾ – ਮਿੱਟੀ ਦੇ ਭਾਂਡੇ ਬਣਾਉਣਾ | 23 |
| 11. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 26 |
| 12. | ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ | 28 |
| 13. | ਕਿਹੜੀ ਐਂ ਤੂੰ ਸਾਗ ਤੋੜਦੀ... | 29 |
| 14. | ਨਾਟਕ ਹੀ ਨਾਟਕ | 30 |
| 15. | ਪੱਛਮੀ ਦੇਸ਼ਾਂ ਦਾ ਸਭ ਤੋਂ ਵੱਡਾ ਤਿਉਹਾਰ ਕ੍ਰਿਸਮਿਸ ਡੇ | 31 |
| 16. | ਸਿਹਤ ਸੰਭਾਲ | 32 |
| 17. | ਕਾਵਿ-ਕਿਆਰੀ | 33 |
| 18. | छोटे साहिबजादे : जिन्हें मुगलों ने दीवार में जिंदा चुनवा दिया! | 35 |
| 19. | GURDWARAS WITHIN THE HOLY PRECINCTS OF FATEHGARH SAHIB | 37 |
| 20. | Matrimonial | 39 |
| 21. | ਦਾਨੀ ਸੱਜਣਾਂ ਦੀ ਸੂਚੀ | 40 |




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ !




ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਸਾਹਿਬ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਦੋਵੇਂ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿਛੜ ਗਏ। ਉਹਨਾਂ ਨਾਲ ਇਕੋ ਗੰਗਾ ਰਾਮ ਬ੍ਰਾਹਮਣ ਰਹਿ ਗਿਆ ਸੀ। ਸਿੱਖ ਘਿਰਣਾ ਨਾਲ ਉਹਨੂੰ 'ਗੰਗੂ' ਕਹਿ ਕੇ ਬੁਲਾਉਂਦੇ ਹਨ।

ਮਾਤਾ ਜੀ ਮਾੜੇ ਜੇਹੇ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਹਨਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ, ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਗ਼ਮਾਂ ਦੇ ਮਾਰਿਆਂ ਨੂੰ ਨੀਂਦ ਕਿੱਥੇ! ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਉ?"



**ਭਗਵਾਨ ਸਿੰਘ**
**ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**


ਏਨੀ ਸਾਧਾਰਨ ਪੁੱਛ ਉਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਕਿਹੈ, "ਵਾਹ ਮਾਤਾ ਜੀ! ਚੰਗਾ ਦਿੱਤਾ ਜੇ ਨੇਕੀ ਦਾ ਫਲ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਏ, ਤਾਂ ਮੈਂ ਕਿਤੇ ਭਾਲਿਆ ਨਾ ਲੱਭਾਂ। ਮੈਂ ਜਾਨ ਦਾ ਖ਼ਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ, ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ, ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ! ਤੈਨੂੰ ਕਿਉਂ ਚੋਰ ਬਨਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ ਤੇਰਾ ਤੇ ਸਾਡਾ ਕੁਝ ਵੰਡਿਆ ਹੋਇਆ ਏ?" "ਬੱਸ, ਰਹਿਣ ਦਿਹੋ ਮਾਤਾ ਜੀ! ਮੈਂ ਇਹਨਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਬੁੜਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ – ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਓਸ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ-ਦੋਵੇਂ ਮੁਰੰਡੇ ਜਾ ਪਹੁੰਚੇ। ਖੇੜੀ ਤੋਂ ਦੋ ਕੁ ਮੀਲ ਹੈ ਮੁਰੰਡਾ। ਮੁਰੰਡੇ ਦੇ ਹਾਕਮ

(ਜਾਨੀ ਖ਼ਾਂ ਤੇ ਮਾਨੀ ਖ਼ਾਂ) ਓਸ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲੰਘਾ ਦੇਵੇਗਾ? ਤੇਰੀ ਮਰਜ਼ੀ।"

ਧਨ ਵਾਲੀ ਗੱਲ ਏਥੇ ਹੀ ਦੱਬੀ ਗਈ। ਜਾਨੀ ਖ਼ਾਂ, ਮਾਨੀ ਖ਼ਾਂ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਬਦਲੇ ਸਰਕਾਰ ਵੱਲੋਂ ਉਹਨਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਹਨਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰੰਡੇ ਜਾ ਨਜ਼ਰਬੰਦ ਕੀਤਾ। ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਓਥੇ ਜਾ ਪੇਸ਼ ਕੀਤੇ। ਚਮਕੌਰ ਵਿਚੋਂ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਕਰਕੇ ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਛ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ, ਠੰਢਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਨਵਾਬ ਦੇ ਅਹਿਲਕਾਰਾਂ ਨੇ ਇਕ ਗੋਂਦ ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ, ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜੇਹੀ ਬਾਰੀ ਖੁੱਲ੍ਹੀ ਰੱਖੀ। ਵਿਉਂਤ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ। ਦੋ ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿੱਦਿਆ ਕਰਦਿਆਂ ਮਾਤਾ ਗੁਜਰੀ ਨੇ ਏਨਾ ਕਿਹਾ, "ਮੇਰੇ ਲਾਲ ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫ਼ਤਹਿ ਬੁਲਾਉਣੀ।"

ਸਾਰੇ ਰਾਹ ਸਿਪਾਹੀ ਧਮਕੀਆਂ ਦੇਂਦੇ ਗਏ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦੇਂਦਿਆਂ ਕਿਹਾ, 'ਐ ਬਾਲਕੋ ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।' ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖ਼ੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"

ਵੱਡੇ ਭਰਾ (ਸਾਹਿਬ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਛ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।" ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਓਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬ ਜ਼ੋਰਾਵਰ ਸਿੰਘ ਛੋਟਾ ਭਰਾ ਦੇ ਅੱਗੇ ਲੱਗ ਤੁਰੇ। ਉਹਨਾਂ ਪਹਿਲਾਂ ਬਾਰੀ ਵਿਚੋਂ ਪੈਰ ਅੱਗੇ ਲੰਘਾਏ ਤੇ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖ਼ਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ 'ਫ਼ਤਿਹ' ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉਤੇ ਵੱਟ ਪੈ ਗਏ।

ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਹਨਾਂ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖ਼ਸ਼ੇ ਜਾਉਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।"

ਸਾਹਿਬ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹਿ ਬੁਲਾਈ ਹੈ, ਤੇ ਫ਼ਤਹਿ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡੇ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ, ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।"

"ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਓਵੇਂ ਦਲੇਰੀ ਹੀ ਨਾਲ ਹੀ ਉੱਤਰ ਦਿੱਤਾ।

ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਹਨੂੰ ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖ਼ਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਭਰਾ ਦਾ ਬਦਲ ਲੈ ਲਵੋ।"

"ਨਵਾਬ ਸਾਹਿਬ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਮੇਰੀ ਰਾਏ ਹੈ ਕਿ ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।"

ਸ਼ੇਰ ਮੁਹੰਮਦ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆਂ ਬਾਲਕੋ! ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ ਛੱਡ ਦੇਵੇ, ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬ ਜ਼ੋਰਾਵਰ ਸਿੰਘ ਜੀ ਦੇ ਉਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫ਼ੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।" ਤੇ ਓਦੋਂ ਤੱਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਸਰਕਾਰ ਖਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲਗਭਗ ਇਕੋ ਜਵਾਬ ਸੀ।

"ਸੁਣਿਆ ਜਨਾਬ!" ਸੁੱਚਾ ਨੰਦ ਨੇ ਵਜ਼ੀਰ ਖ਼ਾਨ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਹਨਾਂ ਨੂੰ ਛੱਡ ਦੇਣਾ, ਆਪਣੇ ਆਪ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਹਨਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ

ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫ਼ਤੀ-ਮੌਲਵੀ ਵੀ ਤੇਜ਼ ਹੋ ਗਏ। ਉਹਨਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਰਾਏ ਦਿੱਤੀ। ਵੱਡੇ ਮੁਫ਼ਤੀ ਨੇ ਫ਼ਤਵਾ ਦਿੱਤਾ ਕਿ ਏਹੋ ਜੇਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

"ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦੇਂਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਆਹ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।

ਸ਼ੇਰ ਮੁਹੰਮਦ ਦੀ ਰਾਏ ਦੀ ਕਿਸੇ ਪਰਵਾਹ ਨਾ ਕੀਤੀ ਗਈ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੋਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜੇਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ, ਤਾਂ ਉਹਨਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।

ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ. ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਗੁਰੂ ਤੇਗ਼ ਬਹਾਦਰ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ! ਦੋਹਾਂ ਦੇ ਕਤਲ ਦਾ ਹੁਕਮ ਜਾਰੀ ਹੋ ਗਿਆ। ਪਰ ਇਹ ਕੰਮ ਕਰੇ ਕੌਣ? ਕੋਈ ਵੀ ਜੱਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਹਨਾਂ ਉਠ ਕੇ ਅਰਜ਼ ਕੀਤੀ, "ਸਰਕਾਰ! ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ। ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਹਨਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉਠੇ। ਇਸ ਸ਼ਹੀਦੀ ਨੇ ਲੋਕ ਮਨਾਂ ਵਿਚ ਅਜਿਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਖ਼ਤਮ ਕਰ ਕੇ ਹੀ ਸ਼ਾਂਤ ਹੋਈ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ!

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

ਸਤਿ ਅਤੇ ਸੱਤਾ ਦੋਨੋਂ ਤਾਕਤਾਂ ਸੰਸਾਰ ਦੀ ਖੇਡ ਚਲਾਉਣ ਲਈ ਉਸੇ ਪ੍ਰਮੇਸ਼ਰ ਦੀਆਂ ਬਣਾਈਆਂ ਹੋਈਆਂ ਹਨ। ਆਦਿ ਕਾਲ ਤੋਂ ਇਹ ਦੋਨੋਂ ਤਾਕਤਾਂ ਟਕਰਾਂਦੀਆਂ ਰਹੀਆਂ ਹਨ। ਜਦ ਵੀ ਸਤਿ ਨੇ ਆਵਾਜ਼ ਬੁਲੰਦ ਕੀਤੀ ਸੱਤਾ ਨੇ ਆਪਣੇ ਸ਼ਾਹੀ ਜਲਾਓ ਵਿਚ ਆ ਕੇ ਡੰਡਾ ਵਰਤਿਆ ਹੈ। ਜਦ ਬਾਬਰ ਦੀ ਵੰਸਜ ਦੇ ਉਤਰ-ਅਧਿਕਾਰੀ ਔਰੰਗਜ਼ੇਬ ਨੇ ਤਖਤੇ ਤਾਊਸ ਤੇ ਬੈਠ ਕੇ, ਆਲਮਗੀਰੀ ਬਾਦਸ਼ਾਹਤ ਦੇ ਨਸ਼ੇ ਵਿਚ ਦੀਨ ਮਜ਼ਲੂਮ ਦਾ ਜਿਊਣਾ ਮੁਹਾਲ ਕਰ ਦਿੱਤਾ ਤਾਂ ਪਰਮੇਸ਼ਰ ਦੇ ਹੁਕਮ ਅੰਦਰ ਅਕਾਲ ਤਖ਼ਤ ਦੇ ਉਤਰ-ਅਧਿਕਾਰੀ ਮੈਦਾਨ ਵਿਚ ਨਿਤਰੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਰਿ-ਬਾਜ਼ਾਰ ਸ਼ਹੀਦ ਕਰ ਕੇ ਵੀ ਜਦ ਸੱਤਾ ਨਾ ਲਰਜ਼ਾਈ ਤਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਚੁਕਣੀ ਪਈ। ਆਨੰਦਪੁਰ ਦੇ ਆਨੰਦੀ ਖੇੜਿਆਂ ਵਿਚ ਵਿਚਰ ਕੇ ਬਾਦਸ਼ਾਹ ਦਰਵੇਸ਼ ਜੀ ਸੰਸਾਰਕ ਅਤੇ ਪਰਮਾਥਕ ਆਨੰਦ ਮਾਣਦੇ ਹੋਇਆਂ ਜਿੱਥੇ ਇਕ ਪਾਸੇ ਅਗੰਮੀ ਬਖਸ਼ਿਸ਼ਾਂ ਨਾਲ ਦੁਨੀਆਂ ਨੂੰ ਮਾਲਾ ਮਾਲ ਕਰ ਰਹੇ ਸੀ ਉਥੇ ਆਪ ਪਰਵਾਰਕ ਜੀਵਨ ਵਿਚ ਵੀ ਰਸ ਭਰ ਰਹੇ ਸੀ। ਇਸੇ ਰਸਮਈ ਜੀਵਨ ਵਿਚੋਂ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
**98141-28181**




ਸਮੇਂ ਦੀ ਚਾਲ ਨਾਲ ਅਨੰਦਪੁਰ ਦੇ ਖੇੜੇ ਵਧਦੇ ਗਏ, ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਕਵੀ ਦਰਬਾਰ ਸਜੇ, ਰਣਜੀਤ ਨਗਾਰੇ ਵਜੇ, ਬੀਰ ਰਸੀ ਕੌਤਕ ਵਰਤਾਏ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਪਰ ਸੱਤਾ ਦੇ ਮਾਲਕ ਪਹਾੜੀ ਰਾਜੇ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸੀ? ਆਖੀਰ ਛੁਟ ਪੁਟ ਝੜੱਪਾਂ ਪਿਛੋਂ ਬਾਈਧਾਰ ਦੇ ਰਾਜਿਆਂ ਨੇ ਇਕ ਮੁਠ ਹੋ ਕੇ ਮੁਹਾਜ਼ ਬਣਾਇਆ ਅਤੇ ਗੁਰੂ ਸਾਹਿਬ ਨਾਲ ਆ ਮੱਥਾ ਲਾਇਆ। ਜਦ ਆਪਸੀ ਕੋਈ ਪੇਸ਼ ਨਾ ਚਲੀ ਤਾਂ ਬਾਬਰ ਕਿਆਂ ਨੂੰ ਨਾਲ ਲੈ ਆਏ ਅਤੇ ਆਨੰਦਪੁਰ ਨੂੰ ਘੇਰਾ ਪਾ ਲਿਆ। ਲੰਮੇ ਘੇਰੇ ਪਿਛੋਂ ਜਦ ਕੋਈ ਸਿੱਟਾ ਨਾ ਨਿਕਲਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।

ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇ ਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।

ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ ਜੌਹਰ ਵੀ ਦਿਖਾ ਰਹੇ ਸਨ। ਮਲੇਰਕੋਟਲੇ ਦੇ ਨਵਾਬ ਦਾ ਭਾਈ, ਨਾਹਰ ਖਾਂ ਜਦ ਲਲਕਾਰੇ ਮਾਰਦਾ ਅੱਗੇ ਵਧਦਾ ਗੁਰੂ ਸਾਹਿਬ ਦੇ ਸਾਹਮਣੇ ਆਇਆ, ਗੁਰੂ ਸਾਹਿਬ ਦਾ ਸ਼ਕਤੀਸ਼ਾਲੀ ਤੀਰ ਨਾਗ ਵਾਂਗ ਸ਼ੂਕਦਾ ਨਾਹਰ ਖਾਂ ਦੀ ਲੋਹੇ ਦੀ ਸੰਜੋਅ ਚੀਰ ਕੇ ਆਰ ਪਾਰ ਹੋ ਗਿਆ ਅਤੇ ਨਵਾਬ ਉਥੇ ਹੀ ਢੇਰ ਹੋ ਗਿਆ। ਆਪਣੇ ਭਰਾ ਦੀ ਇਹ ਹਾਲਤ ਦੇਖ ਕੇ ਨਵਾਬ ਸ਼ੇਰ ਖਾਂ ਦਾ, ਗੁਰੂ ਸਾਹਿਬ ਦੇ ਸਾਹਮਣੇ ਹੋਣ ਦਾ ਹੌਂਸਲਾ ਹੀ ਨਾ ਪਿਆ ਅਤੇ ਗੜ੍ਹੀ ਦੀ ਦੀਵਾਰ ਨਾਲ ਲਿਪਟਿਆ ਰਿਹਾ। ਇਸ ਪਿੱਛੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ

ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜੇ ਗਏ ਅਤੇ ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

ਸ਼ਹੀਦੀਆਂ ਦੀ ਮਹਾਨਤਾ ਦੇਖ ਕੇ ਹਕੀਮ ਅੱਲਾ ਯਾਰ ਖਾਂ ਜੋਗੀ ਜੀ ਨੂੰ ਕਹਿਣਾ ਪਿਆ।

**ਬਸ ਏਕ ਹਿੰਦ ਮੇ ਤੀਰਥ ਹੈ ਯਾਤਰਾ ਕੇ ਲੀਏ।**
**ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।**

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਪਿਤਾ ਤੁਹਾਡੇ ਸ਼ਹੀਦ ਹੋ ਗਏ ਹਨ, ਤੁਹਾਡਾ ਕੋਈ ਆਸਰਾ ਨਹੀਂ ਰਿਹਾ। ਇਸ ਲਈ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ। ਬੱਚਿਆਂ ਦੇ ਨਿਰਭੈਤਾ ਵਾਲੇ ਉੱਤਰ, ਨਿੱਕੀਆਂ ਜਿੰਦਾਂ ਦੀ ਕੋਮਲਤਾ ਅਤੇ ਬੇਗ਼ਮ ਜ਼ੈਨਾ ਦੇ ਤਰਲਿਆਂ ਨਾਲ ਨਵਾਬ ਤਾਂ ਪਸੀਜ ਗਿਆ ਪਰ ਸੁੱਚਾ ਨੰਦ (ਖਾਲਸੇ ਦਾ ਝੂਠਾ ਨੰਦ) ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ।

ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ?

ਆਖ਼ੀਰ ਕੱਟੜਪੰਥੀ ਮੌਲਾਣੇ ਅਤੇ ਚਾਪਲੂਸ, ਬੇਧਰਮੀ ਦਰਬਾਰੀਆਂ ਦੇ ਕਹਿਣ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਮਾਸੂਮ ਨਿਰਦੋਸ਼ ਬੱਚਿਆਂ ਦੀ ਸ਼ਹੀਦੀ ਨਾਲ ਕੁੱਲ ਅੰਬਰ ਹਿੱਲ ਗਿਆ ਅਤੇ ਸਾਰਾ ਖਾਲਸਾ ਪੰਥ ਧੁਰ ਅੰਦਰੋਂ ਝੰਜੋੜਿਆਂ ਗਿਆ ਅਤੇ ਇਕੋ ਇਕ ਟੀਚਾ ਰਹਿ ਗਿਆ ਜ਼ੁਲਮ ਅਤੇ ਜ਼ੁਲਮ ਦਾ ਨਾਸ਼ ਕਰਨਾ।

ਦਸ਼ਮੇਸ਼ ਪਿਤਾ ਨੇ ਭੀ ਬਹਾਦਰ ਸ਼ਾਹ ਨਾਲ ਜੋ ਸ਼ਰਤਾਂ ਸੁਲਾਹ ਦੀਆਂ ਰੱਖੀਆਂ ਉਨ੍ਹਾਂ ਵਿਚ ਜ਼ਾਲਮਾਂ ਨੂੰ ਹਵਾਲੇ ਕਰਨ ਦੀ ਇਕ ਸ਼ਰਤ ਸੀ। ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕਰਨ ਲਈ ਹੀ ਨੰਦੇੜ ਤੋਂ ਬੰਦੇ ਬਹਾਦਰ ਨੂੰ ਹਦਾਇਤ ਕਰਕੇ ਭੇਜਿਆ ਸੀ। ਜੋ ਬਾਬਾ ਜੀ ਨੇ ਗੁਰੂ ਹੁਕਮਾਂ ਨੂੰ ਤਨਦੇਹੀ ਨਾਲ ਨਿਭਾਇਆ। ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਗੁਰੂ ਮਾਰੀ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਬਾਬਾ ਜੀ ਦੇ ਸ਼ਹੀਦ ਹੋਣ ਪਿਛੋਂ ਮੁੜ ਸਰਹਿੰਦ ਮੁਗ਼ਲਾਂ ਕੋਲ ਆ ਗਿਆ। ਫਿਰ ਦਲ ਖਾਲਸੇ ਵੇਲੇ ਜਦ ਭੀ ਸਿੰਘ ਸਰਹਿੰਦ ਕੋਲੋਂ ਲੰਘਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਆ ਜਾਂਦੀ। ਸਿੰਘਾਂ ਦੇ ਜੋਸ਼ ਨਾਲ ਰੋਂਗਟੇ ਖੜ੍ਹੇ ਹੋ ਜਾਂਦੇ, ਇਸ ਸ਼ਹਿਰ ਨੂੰ ਲੁੱਟਦੇ ਤੇ ਕੁਟਦੇ। ਅੰਤ ਮਈ 1775 ਵਿਚ ਮਿਸਲਾਂ ਵੇਲੇ ਖਾਲਸਾ ਦਲ ਨੇ ਸਰਹਿੰਦ ਨੂੰ ਪੂਰਨ ਤੌਰ 'ਤੇ ਫਤਹਿ ਕੀਤਾ। ਸਿੱਖ ਸਰਦਾਰਾਂ ਨੇ ਸ਼ਾਹੀ ਕਿਲ੍ਹਾ ਢਾਹ ਕੇ ਆਪਣੀ ਹੱਥੀਂ ਗਧਿਆਂ ਨਾਲ ਹਲ ਚਲਾਇਆ ਅਤੇ ਸਾਰੇ ਸ਼ਹਿਰ ਨੂੰ ਢਹਿ ਢੇਰੀ ਕਰਕੇ ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕੀਤਾ। ਪਰ ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ ਉਹ ਸਾਰਾ ਮਹੱਲਾ ਮਹਿਫੂਜ਼ ਰਿਹਾ।

ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗ਼ਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗ਼ਲ ਹਕੂਮਤ ਦੇ ਪੈਰ ਉਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ। ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

# ਸਾਹਿਬਜ਼ਾਦਿਆਂ ਦੀ ਸ਼ਹਾਦਤ



ਅਨੰਦਪੁਰ ਸਾਹਿਬ ਵਿਚ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ। ਅਨੰਦਪੁਰ ਸਾਹਿਬ ਵਿਚ ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਰਣਜੀਤ ਨਗਾਰੇ ਵਜੇ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।

ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਦੇ ਕਰੀਬ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ ਜੌਹਰ ਵੀ ਦਿਖਾ ਰਹੇ ਸਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜ੍ਹੇ ਗਏ ਅਤੇ

ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ ਅਤੇ ਸਾਹਿਬਜ਼ਾਦਿਆਂ ਨੇ ਫਿਰ ਇਨਕਾਰ ਕਰ ਦਿੱਤਾ। ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ। ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ? ਪਰ ਸੁੱਚਾ ਨੰਦ ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਾਜੀ ਨੇ ਨਵਾਬ ਦੇ ਕਹਿਣ ਤੇ ਮਾਸੂਮ ਨਿਰਦੋਸ਼ ਬੱਚਿਆਂ ਨੂੰ ਨੀਂਹਾਂ ਵਿਚ ਜਿੰਦਾ ਚਿਣਨ ਦਾ ਹੁਕਮ ਸੁਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਜੀ ਨੇ ਵੀ ਇਹ ਖ਼ਬਰ ਸੁਣ ਕੇ ਸਰੀਰ ਤਿਆਗ ਦਿੱਤਾ। ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ।

ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁੱਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

॥ ਵਾਹਿਗੁਰੂ ਜੀ ਕਾ ਖਾਲਸਾ॥

॥ ਵਾਹਿਗੁਰੂ ਜੀ ਕੀ ਫਤਹਿ॥

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਨਵੰਬਰ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਨਵੰਬਰ ਮਹੀਨੇ ਦੀ ਕੁੱਲ ਆਮਦਨ - 5,97,951.00/-ਰੁਪਏ

ਨਵੰਬਰ ਮਹੀਨੇ ਦਾ ਕੁੱਲ ਖਰਚਾ - 1,35,312.00/-ਰੁਪਏ

2. **ਨਵੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਨਾ ਭਵਨ ਦੇ ਗੁਰੂ ਘਰ ਵਿਖੇ ਮਿਤੀ 16.11.2024 ਨੂੰ ਬੜੇ ਹੀ ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ। ਨਵੰਬਰ ਮਹੀਨੇ ਦੀ ਸੰਗਰਾਂਦ ਦੇ ਮੌਕੇ ਤੇ ਕੀਰਤਨੀ ਜੱਥੇ ਨੇ ਰੱਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਇਸ ਮੌਕੇ ਤੇ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਨਾ ਭਵਨ ਵਿਖੇ ਡੈਂਟਲ ਕਲੀਨਿਕ ਦੀ ਸ਼ੁਰੂਆਤ ਨਵੰਬਰ ਮਹੀਨੇ ਵਿਚ ਸ਼ੁਰੂ ਕਰ ਦਿੱਤੀ ਗਈ ਹੈ ।ਡਾ. ਅਕਸ਼ੇ ਠਾਕੁਰ (M.D.S.) ਡੈਂਟਲ ਕਲੀਨਿਕ ਦਾ ਚੰਗੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਆਮ ਜਨਤਾ ਲਈ ਡੈਂਟਲ ਦੀਆਂ ਸੇਵਾਵਾਂ ਉਪਲਬੱਧ ਹਨ ਅਤੇ ਇਸ ਦਾ ਲਾਹਾ ਲਿਆ ਜਾ ਸਕਦਾ ਹੈ।

4. **ਵਿਦਿਅਕ ਸਕਾਲਰਸ਼ਿਪ ਦੇਣ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਉਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਦੀ ਮੈਨੇਜਮੈਂਟ ਵਲੋਂ ਗਰੀਬ ਬੱਚਿਆਂ ਦੀ ਸਹਾਇਤਾ ਨੂੰ ਮੁੱਖ ਰੱਖਦੇ ਹੋਏ ਜਿਹੜੇ ਬਹੁਤ ਚੋਣਵੇਂ ਗਰੀਬ ਬੱਚੇ, ਜਿਹਨਾਂ ਦੇ ਪਰਿਵਾਰਾਂ ਦੀ ਵਿੱਤੀ ਹਾਲਤ ਬਹੁਤ ਹੀ ਨਾਜ਼ੁਕ ਹੈ, ਉਹਨਾਂ ਬੱਚਿਆ ਨੂੰ ਚੰਗੀ ਵਿਦਿਆ ਗ੍ਰਹਿਣ ਕਰਨ ਵਾਸਤੇ ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਉਂਡੇਸ਼ਨ (ਰਜਿ.) ਦੀ ਮੈਨੇਜਮੈਂਟ ਵਲੋਂ ਉਹਨਾਂ ਦੀ ਬਣਦੀ ਸਮੈਸਟਰ-ਫ਼ੀਸ ਅਦਾ ਕੀਤੀ ਗਈ ਹੈ।

ਭਵਿੱਖ ਵਿਚ ਵੀ ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਉਂਡੇਸ਼ਨ ਦੀ ਮੈਨੇਜਮੈਂਟ ਗਰੀਬ ਅਤੇ ਲੋੜਵੰਦ ਬੱਚਿਆਂ ਦੀ ਵਿਦਿਆ ਨੂੰ ਮੁੱਖ ਰੱਖਦੇ ਹੋਏ ਉਹਨਾਂ ਦੀ ਬਣਦੀ ਸਹਾਇਤਾ ਕਰਨ ਲਈ ਵਚਨਬੱਧ ਹਨ ਅਤੇ ਭਵਿੱਖ ਵਿਚ ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਵਿਦਿਆ ਅਤੇ ਜੀਵਨ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਹੋਰ ਵੀ ਨਵੇਂ ਟੀਚਿਆਂ ਤੇ ਵਿਚਾਰ ਕੀਤੇ ਜਾ ਰਹੇ ਹਨ।

5. **ਵਿੱਤੀ ਕਮੇਟੀ ਦੀ ਪਹਿਲੀ ਮੀਟਿੰਗ ਬਾਰੇ** - 20 ਨਵੰਬਰ 2024 ਨੂੰ ਬਾਬਾ ਮੱਖਣ ਸ਼ਾਹ ਲੁਬਾਨਾ ਭਵਨ,

ਚੰਡੀਗੜ੍ਹ ਵਿਖੇ ਵਿੱਤੀ ਕਮੇਟੀ ਦੀ ਪਹਿਲੀ ਮੀਟਿੰਗ ਪ੍ਰਧਾਨ ਡਿਪਟੀ ਚੀਫ਼ ਇੰਜ ਭਗਵਾਨ ਸਿੰਘ ਲੁਬਾਣਾ ਜੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਤਕਰੀਬਨ 8 ਕਮੇਟੀ ਮੈਂਬਰਾਂ ਨੇ ਭਾਗ ਲਿਆ। ਮੂਲ-ਮੰਤਰ ਦਾ ਸੰਗਤੀ ਰੂਪ ਵਿੱਚ ਜਾਪ ਕਰਨ ਉਪਰੰਤ ਪ੍ਰਧਾਨ ਡਿਪਟੀ ਚੀਫ਼ ਇੰਜ. ਭਗਵਾਨ ਸਿੰਘ ਲੁਬਾਣਾ ਜੀ ਨੇ ਕਮੇਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿੱਤੀ ਹਲਾਤਾਂ ਬਾਰੇ ਜਾਣੂ ਕਰਵਾਉਂਦੇ ਹੋਏ ਵਿਸ਼ੇਸ਼ ਤੌਰ ਤੇ ਮਾਲੀ ਹਲਾਤਾਂ ਨੂੰ ਹੋਰ ਸੁਧਾਰਨ ਬਾਰੇ ਵਿਚਾਰ ਰੱਖੇ ਅਤੇ ਇਸ ਦਿਸ਼ਾ ਵੱਲ ਸਾਜਗਾਰ ਕਦਮ ਪੁੱਟਣ ਲਈ ਅਪੀਲ ਕੀਤੀ।

ਵਿੱਤ ਸਕੱਤਰ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਨੇ ਆਮਦਨ ਅਤੇ ਖਰਚੇ ਦਾ ਵੇਰਵਾ ਮਿਤੀ 01.04.2024 ਤੋਂ ਲੈ ਕੇ 18.10.2024 ਤੱਕ ਰੱਖਿਆ ਅਤੇ ਦੱਸਿਆ ਕਿ 01.04.2024 ਤੋਂ ਲੈ ਕੇ 18.10.2024 ਤੱਕ ਭਵਨ ਦੀ ਆਮਦਨ ਵਿਚ ਵਾਧਾ ਦੱਸਦੇ ਹੋਏ ਖੁਸ਼ੀ ਮਹਿਸੂਸ ਕੀਤੀ। ਜਿਸ ਦੀ ਸਾਰੇ ਮੈਂਬਰਾਂ ਨੇ ਤਾਰੀਫ਼ ਕੀਤੀ।

ਇਸ ਮੀਟਿੰਗ ਵਿੱਚ ਸਾਰੇ ਮੈਂਬਰਾਂ ਨੇ ਵਿੱਤ ਨਾਲ ਸੰਬੰਧਿਤ ਹਰ ਪਹਿਲੂ ਉੱਪਰ ਵਿਚਾਰ ਗੋਸ਼ਟੀ ਕੀਤੀ ਅਤੇ ਆਪਣੇ-ਆਪਣੇ ਵਿਚਾਰ ਰੱਖੇ। ਜਿਸ ਵਿਚ ਲੁਬਾਣਾ ਬਿਰਾਦਰੀ ਨਾਲ ਸੰਬੰਧਿਤ ਯੋਗ ਅਤੇ ਉਭਰਦੇ ਹੋਏ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਲਈ ਖਾਸ ਤੌਰ ਤੇ ਚਰਚਾ ਕੀਤੀ ਗਈ।

ਇਸ ਮੀਟਿੰਗ ਵਿੱਚ ਇੰਜ. ਅਮਰਜੀਤ ਸਿੰਘ, ਚੰਡੀਗੜ੍ਹ ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਉਹ ਆਪਣੇ ਪਿਤਾ ਸ: ਗਿਆਨ ਸਿੰਘ ਮੁਲਤਾਨੀ ਜੀ ਦੀ ਨਾਮ ਤੇ 5000/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਲੋੜਵੰਦ ਤੇ ਉਭਰਦੇ ਹੋਏ ਲੁਬਾਣਾ ਬਿਰਾਦਰੀ ਨਾਲ ਸੰਬੰਧਿਤ ਵਿਦਿਆਰਥੀਆਂ ਲਈ ਵਜ਼ੀਫ਼ੇ ਦੀ ਰਕਮ ਭਵਨ ਨੂੰ ਦੇਣਗੇ। ਜਿਸ ਦੀ ਸਾਰੇ ਮੈਂਬਰ ਸਾਹਿਬਾਨਾਂ ਨੇ ਸਮੂਹ ਰੂਪ ਵਿਚ ਉਹਨਾਂ ਦਾ ਧੰਨਵਾਦ ਕੀਤਾ ਅਤੇ ਆਸ ਕੀਤੀ ਕਿ ਹੋਰ ਵੀ ਇਸ ਤਰ੍ਹਾਂ ਦੇ ਪੁੰਨ-ਦਾਨ ਦੇ ਕੰਮ ਲਈ ਅੱਗੇ ਆਉਣਗੇ।

ਮੀਟਿੰਗ ਦੀ ਸਮਾਪਤੀ ਵਿੱਤ ਸਕੱਤਰ ਵਲੋਂ ਪ੍ਰਧਾਨ ਜੀ, ਜਨਰਲ ਸਕੱਤਰ ਸਾਹਿਬ ਅਤੇ ਹਾਜ਼ਰ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦੇ ਹੋਏ ਕੀਤੀ ਗਈ।

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਜ਼ਿੰਦਗੀ ਵਿਚ ਅਜਿਹਾ ਕਰੋ ਕਿ ਤੁਹਾਨੂੰ ਛੱਡਣ ਵਾਲਾ ਹੀ ਪਛਤਾਵੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਇਨਵਾਇਰਨਮੈਂਟ ਸੁਸਾਇਟੀ ਆਫ ਕਪੂਰਥਲਾ (ਰਜਿ.)

ਦੇਸ਼ ਦੀ ਸਿਰਮੌਰ ਅਦਾਲਤ ਸੁਪਰੀਮ ਕੋਰਟ ਆਫ ਇੰਡੀਆ ਦੇ ਆਦੇਸ਼ਾਂ ਅਨੁਸਾਰ ਜਿਉਣ ਦਾ ਅਧਿਕਾਰ ਸਾਡੇ ਸੰਵਿਧਾਨ ਦੀ ਧਾਰਾ 21 ਅਧੀਨ ਇੱਕ ਮੌਲਿਕ ਅਧਿਕਾਰ ਹੈ। ਇਸ ਵਿੱਚ ਪ੍ਰਦੂਸ਼ਨ ਰਹਿਤ ਸਾਫ਼ ਪਾਣੀ ਪੀਣ ਅਤੇ ਸਾਫ਼ ਹਵਾ ਵਿੱਚ ਸਾਹ ਲੈਣ ਦਾ ਅਧਿਕਾਰ ਵੀ ਸ਼ਾਮਿਲ ਹੈ। ਇਹ ਸੁਸਾਇਟੀ ਸੰਨ 1986 ਵਿੱਚ ਹੋਂਦ ਵਿੱਚ ਆਈ। ਇਸ ਦਾ ਮੁੱਖ ਉਦੇਸ਼ ਜ਼ਿਲ੍ਹਾ ਕਪੂਰਥਲਾ ਦੇ ਵਸਨੀਕਾਂ ਨੂੰ ਦਿਨ ਪ੍ਰਤੀ ਦਿਨ ਵੱਧ ਰਹੇ ਵਾਤਾਵਰਣ ਪ੍ਰਦੂਸ਼ਣ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਉਹ ਆਪਣੇ ਜ਼ਿੰਦਾ ਰਹਿਣ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਇੱਕ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਣ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਯਤਨਸ਼ੀਲ ਹੋ ਸਕਣ।

ਇਹ ਸੁਸਾਇਟੀ 1860 ਦੇ ਸੁਸਾਇਟੀਜ਼ ਰਜਿਸਟਰੇਸ਼ਨ ਐਕਟ 21 ਅਧੀਨ ਸੰਨ 1987-88 ਦੇ ਨੰ. 187 ਅਨੁਸਾਰ ਮਿਤੀ 17.07.1987 ਨੂੰ ਵਾਤਾਵਰਣ ਬਾਰੇ ਰਜਿਸਟਰ ਹੋਣ ਵਾਲੀ ਸਾਰੇ ਪੰਜਾਬ ਵਿੱਚ ਪਹਿਲੀ ਸੰਸਥਾ ਸੀ। ਸੁਸਾਇਟੀ ਦੇ ਕੁਝ ਮਹੱਤਵਪੂਰਨ ਉਦੇਸ਼ਾਂ ਦੀ ਪੂਰਤੀ ਲਈ ਸਰ ਅੰਜਾਮ ਦਿੱਤੀਆਂ ਗਈਆਂ ਗਤੀਵਿਧੀਆਂ ਦੇ ਜ਼ਿਕਰਯੋਗ ਅਵਸਰ ਹੇਠ ਲਿਖੇ ਅਨੁਸਾਰ ਹਨ :-

1. ਮਿਤੀ 08.01.1989 ਨੂੰ ਦਾਸ ਵੱਲੋਂ ਇਸ ਸੁਸਾਇਟੀ ਦੇ ਮੁੱਖ ਸੇਵਾਦਾਰ ਦੇ ਤੌਰ 'ਤੇ ਜ਼ਿੰਮੇਵਾਰੀ ਸੰਭਾਲੀ ਗਈ ਅਤੇ ਲਗਭਗ 18 ਸਾਲਾਂ ਲਈ ਇਸ ਨਿਸ਼ਕਾਮ ਸੇਵਾ ਵਿੱਚ ਆਪਣਾ ਨਿਗੂਣਾ ਜਿਹਾ ਯੋਗਦਾਨ ਪਾਉਂਦਾ ਰਿਹਾ। ਮੇਰੇ ਵੱਲੋਂ 80 ਸਾਲ ਦੀ ਆਯੂ ਹੋਣ ਤੇ 2006 ਦੇ ਅੰਤ ਤੱਕ ਇਹ ਸੇਵਾ ਨਿਭਾਈ ਗਈ। ਬਾਅਦ ਵਿੱਚ ਮੇਰੇ ਲਈ ਨੱਸ ਭੱਜ ਕਰਨਾ ਮੁਸ਼ਕਿਲ ਹੋ ਗਿਆ ਪਰ ਬਜ਼ੁਰਗ ਸਰਪ੍ਰਸਤ ਦੇ ਤੌਰ 'ਤੇ ਇਸ ਸੁਸਾਇਟੀ ਨਾਲ ਜੁੜਿਆ ਰਿਹਾ। ਇਸ ਸਮੇਂ ਦੌਰਾਨ ਸ਼੍ਰੀ ਵਿਜੇ ਕੁਮਾਰ ਮਾਹਣਾ ਲੈਕਚਰਾਰ ਡਾਇਟ ਵੱਲੋਂ ਸੁਸਾਇਟੀ ਦੇ ਜਨਰਲ ਸੈਕਟਰੀ ਅਤੇ ਸ. ਹਰਪ੍ਰੀਤ ਸਿੰਘ ਲੈਕਚਰਾਰ ਵੱਲੋਂ ਵਿੱਤ ਸੈਕਟਰੀ ਦੇ ਤੌਰ 'ਤੇ ਦਿੱਤਾ ਯੋਗਦਾਨ ਸ਼ਲਾਘਾਯੋਗ ਸੀ ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰ ਗੁਜ਼ਾਰ ਹਾਂ।

2. ਨੈਸ਼ਨਲ ਇਨਵਾਇਰਨਮੈਂਟ ਮੰਚ ਦੇ ਅਵਸਰ ਤੇ ਮਿਤੀ 14.12.1988 ਨੂੰ ਜਗਤ ਪ੍ਰਸਿੱਧ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਅੰਮ੍ਰਿਤਸਰ ਵਾਲਿਆਂ ਨੇ ਜਗਤਜੀਤ ਕਲੱਬ, ਮਾਲ ਰੋਡ, ਕਪੂਰਥਲਾ ਦੇ ਭਰੇ ਹਾਲ ਵਿੱਚ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਸਿਹਤਮੰਦ ਵਾਤਾਵਰਣ ਦੀ ਸੁਰੱਖਿਆ ਲਈ ਯੋਗਦਾਨ ਪਾਉਣ ਲਈ ਸਾਰਿਆਂ ਨੂੰ ਪੁਰਜ਼ੋਰ ਅਪੀਲ ਕੀਤੀ।

3. **ਰੁੱਖ ਲਗਾਉ ਮੁਹਿੰਮ :** ਰੁੱਖਾਂ ਦੇ ਜੰਗਲਾਂ ਨੂੰ ਵਾਤਾਵਰਣ ਦੇ ਫੇਫੜੇ ਕਿਹਾ ਜਾਂਦਾ ਹੈ। ਰੁੱਖ ਕਾਰਬਨ ਡਾਈਆਕਸਾਇਡ ਨੂੰ ਜਜ਼ਬ ਕਰਕੇ ਆਕਸੀਜਨ ਛੱਡਣ ਵਾਲੇ ਅਤੇ ਮੁਫਤ ਚੱਲਣ ਵਾਲੇ ਕੁਦਰਤੀ ਕਾਰਖਾਨੇ ਹਨ। ਰੁੱਖਾਂ ਦੇ ਅਨ-ਗਿਣਤ ਲਾਭ ਹਰ ਕੋਈ ਜਾਣਦਾ ਹੈ। ਪੰਜਾਬ ਦੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਲਫ਼ਜ਼ਾਂ ਵਿੱਚ :-

**ਰੁੱਖ ਤਾਂ ਮੇਰੀ ਮਾਂ ਵਰਗੇ ਨੇ,**
**ਜਿਊਣ ਰੁੱਖਾਂ ਦੀਆਂ ਛਾਵਾਂ।**
**ਮੇਰਾ ਵੀ ਇਹ ਜੀ ਕਰਦਾ ਏ,**
**ਰੁੱਖ ਦੀ ਜੂਨੇ ਆਵਾਂ।**

ਰੁੱਖ ਲਗਾਉਣਾ ਇਸ ਸੁਸਾਇਟੀ ਵੱਲੋਂ ਵਾਤਾਵਰਣ ਦੀ ਸੰਭਾਲ ਲਈ ਮੁੱਖ ਅਮਲੀ ਯੋਗਦਾਨ ਸੀ ਜੋ ਲਗਭਗ ਸਾਰਾ ਸਾਲ ਚਲਦਾ ਸੀ। ਹਰ ਸਾਲ ਸਕੂਲਾਂ, ਕਾਲਜਾਂ ਅਤੇ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਤੇ ਰੁੱਖ ਲਾਉਣਾ ਅਤੇ ਵਣ-ਮਹਾ ਉਤਸਵ ਮਨਾਉਂਦੇ ਹੋਏ ਛਾਂ-ਦਾਰ ਅਤੇ ਸਜਾਵਟੀ ਰੁੱਖਾਂ ਦੇ ਪੌਦੇ ਲਿਆ ਕੇ ਮੁਫਤ ਵੰਡਣਾ ਸੁਸਾਇਟੀ ਦਾ ਬਾ-ਕਾਇਦਾ ਪ੍ਰੋਗਰਾਮ ਰਿਹਾ ਹੈ। ਸ਼੍ਰੀ ਏ.ਆਰ. ਤਲਵਾਰ ਡਿਪਟੀ ਕਮਿਸ਼ਨਰ ਵੱਲੋਂ ਸੁਸਾਇਟੀ ਦੀ ਰੁੱਖ ਲਗਾਉ ਮੁਹਿੰਮ ਦਾ ਮਿਤੀ 04.03.1989 ਨੂੰ ਗੁਰੂ ਨਾਨਕ ਸਟੇਡੀਅਮ, ਕਪੂਰਥਲਾ, ਵਿਖੇ ਉਦਘਾਟਨ ਕੀਤਾ ਗਿਆ। ਸ਼੍ਰੀ ਟੀ.ਆਰ. ਸਾਰੰਗਲ ਆਈ.ਏ.ਐਸ. ਵੱਲੋਂ ਵੀ ਮਿਤੀ 19.08.1989 ਨੂੰ ਇਸੇ ਸਟੈਡੀਅਮ ਵਿਖੇ ਸੁਸਾਇਟੀ ਦੇ ਵਣ-ਮਹਾਉਤਸਵ ਦਾ ਉਦਘਾਟਨ ਕੀਤਾ ਗਿਆ। ਸੁਸਾਇਟੀ ਨੇ ਮਿਤੀ 11.08.1990 ਨੂੰ ਮਾਡਲ ਟਾਊਨ ਵਿਖੇ ਅਤੇ ਬਾਅਦ ਵਿੱਚ ਬਰਸਾਤ ਦੇ ਦਿਨਾਂ ਵਿੱਚ ਪਿੰਡ ਲੱਖਣ ਕੇ ਪੱਡਾ, ਸ਼ੇਖੂਪੁਰ ਅਤੇ ਢੁੱਡੀਆਂ ਵਾਲਾ ਵਿਖੇ ਰੁੱਖ ਲਗਾਏ।

4. ਜਵਾਹਰ ਲਾਲ ਨਹਿਰੂ ਸੈਂਟਰ ਫਾਰ ਇਨਵਾਇਰਨਮੈਂਟ ਕਾਂਜਲੀ ਦਾ ਨੀਂਹ ਪੱਥਰ ਰੱਖਣ ਸਮੇਂ ਮਿਤੀ 06.06.1989 ਨੂੰ ਸ਼੍ਰੀ ਐਸ.ਐਸ.ਰੇ. ਗਵਰਨਰ, ਪੰਜਾਬ, ਉਨ੍ਹਾਂ ਦੀ ਧਰਮ ਪਤਨੀ, ਸ਼੍ਰੀ

ਰਾਜਨ ਕਿਸ਼ਪ ਸੈਕਟਰੀ ਸਾਇੰਸ ਅਤੇ ਇਨਵਾਇਰਮੈਂਟ, ਸ਼੍ਰੀ ਏ.ਆਰ. ਤਲਵਾਰ ਡਿਪਟੀ ਕਮਿਸ਼ਨਰ ਨੇ ਸੁਸਾਇਟੀ ਵੱਲੋਂ ਵਿਖਾਵੇ ਲਈ ਲਾਏ ਗਏ ਸਟਾਲ ਤੇ ਆ ਕੇ ਗਹਿਰੀ ਦਿਲਚਸਪੀ ਵਖਾਈ।

5. ਮਿਤੀ 17.09.1992 ਨੂੰ ਪੰਜਾਬ ਸਰਕਾਰ ਵੱਲੋਂ ਰਾਜ ਦੇ ਜੰਗਲੀ ਜੀਵ ਸਲਾਹਕਾਰ ਬੋਰਡ ਦਾ ਤਿੰਨ ਸਾਲਾਂ ਲਈ ਮੈਂਬਰ ਨਾਮਜ਼ਦ ਕੀਤਾ।

6. ਮਿਤੀ 1 ਤੋਂ 12 ਜੂਨ, 1992, 12 ਦਿਨਾਂ ਲਈ ਰਿਆਡੇ ਜਾਨੇਰੋ, ਬਰਾਜ਼ੀਲ ਵਿਖੇ ਧਰਤੀ ਨੂੰ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰਹਿਣ ਯੋਗ ਘਰ ਬਨਾਉਣ ਲਈ ਵਾਤਾਵਰਣ ਅਤੇ ਵਿਕਾਸ ਸੰਯੁਕਤ ਰਾਸ਼ਟਰ ਕਾਨਫਰੰਸ ਅਤੇ ਅਰਥ ਸਮਿਟ ਆਯੋਜਿਤ ਕੀਤਾ ਗਿਆ। ਇਸ ਸਬੰਧ ਵਿੱਚ ਰੈੱਡ ਕਰਾਸ ਭਵਨ, ਕਪੂਰਥਲਾ ਵਿਖੇ ਸ. ਗਿਆਨ ਸਿੰਘ ਸੰਧੂ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਹੋਏ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀਨ ਨੇ ਅਰਥ ਪਲੈਂਜ ਤੇ ਹਸਤਾਖਰ ਕੀਤੇ।

7. ਮਿਤੀ 05.06.1993 ਨੂੰ ਪ੍ਰੋਫੈਸਰ ਕੁਲਦੀਪ ਸਿੰਘ ਸੰਧੂ, ਸੁਸਾਇਟੀ ਦੇ ਜਨਰਲ ਸੈਕਟਰੀ ਦਾ ਦਿੱਲੀ ਵਿਖੇ ਇੱਕ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ। ਉਹ ਸੁਸਾਇਟੀ ਦੇ ਰੂਹੇ-ਰਵਾਂ ਸਨ ਜਿਨ੍ਹਾਂ ਨੇ ਵਾਤਾਵਰਣ ਪ੍ਰਤੀ ਜੀਵਨ ਸਮਰਪਿਤ ਕਰ ਰੱਖਿਆ ਸੀ। ਭਾਰਤ ਸਰਕਾਰ ਵੱਲੋਂ ਵਾਤਾਵਰਣ ਸੁਰਖਿਆ ਦੇ ਖੇਤਰ ਵਿੱਚ ਐਵਾਰਡ ਲੈਣ ਲਈ ਦਿੱਲੀ ਗਏ ਸਨ। ਸੁਸਾਇਟੀ ਪ੍ਰਤੀ ਉਨ੍ਹਾਂ ਦੀਆਂ ਨਿਸ਼ਕਾਮ ਸਮਾਜ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

8. ਮਿਤੀ 12.08.1996 ਨੂੰ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਕਪੂਰਥਲਾ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ।

9. ਸਾਲ 1987-88 ਤੋਂ 2005-06 ਤੱਕ ਲਗਭਗ 19 ਸਾਲਾਂ ਲਈ ਇਸ ਸੁਸਾਇਟੀ ਵੱਲੋਂ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਵਿਭਾਗ ਵੱਲੋਂ ਚਲਾਈ ਗਈ ਵਾਤਾਵਰਣ ਜਾਗਰੂਕਤਾ ਮੁਹਿੰਮ ਵਿੱਚ ਵੱਧ ਚੜ੍ਹ ਕੇ ਭਾਗ ਲਿਆ। ਸੁਸਾਇਟੀ ਵੱਲੋਂ ਕਈ ਪ੍ਰਕਾਰ ਦੇ ਪ੍ਰਾਜੈਕਟਾਂ ਦੀ ਪੂਰਤੀ ਲਈ ਸਮਾਗਮ ਆਯੋਜਿਤ ਕੀਤੇ ਜਾਂਦੇ ਸਨ। ਇਨ੍ਹਾਂ ਗਤੀਵਿਧੀਆਂ ਵਿੱਚ ਪਬਲਿਕ ਮੀਟਿੰਗਾਂ, ਰੁੱਖ ਲਗਾਉਣਾ, ਹੋਰਡਿੰਗ, ਬੈਨਰ ਲਗਾਉਣਾ, ਹੈਂਡਬਿਲ ਵੰਡਣੇ, ਸਕੂਲ ਵਿਦਿਆਰਥੀਆਂ ਵਿਚਾਲੇ ਕਈ ਪ੍ਰਕਾਰ ਦੇ ਮੁਕਾਬਲੇ ਕਰਵਾਉਣਾ, ਪੰਛੀ, ਜੰਗਲੀ ਜੀਵ ਅਤੇ ਜੈਵ-ਵਿਭਿੰਨਤਾ ਸਟੱਡੀ ਟੂਰ, ਵਾਤਾਵਰਣ ਦਿਵਸ, ਧਰਤੀ ਦਿਵਸ, ਜਲ-ਗਾਹਾਂ ਦਿਵਸ ਮਨਾਉਣਾ, ਜਲ ਗਾਹਾਂ ਦੇ ਟੂਰ ਅਤੇ ਵਰਖਾ ਪਾਣੀ ਦੀ ਸੰਭਾਲ ਆਦਿ ਸ਼ਾਮਿਲ ਸਨ।

10. ਮਿਤੀ 04.05.1995 ਨੂੰ ਇਸ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ 35 ਈਕੋ-ਕਲੱਬ ਸਥਾਪਿਤ ਕੀਤੇ ਗਏ। ਇਹ ਕਲੱਬ ਵਾਤਾਵਰਣ ਮੁਹਿੰਮ ਨੂੰ ਪਿੰਡਾਂ ਤੱਕ ਲਿਜਾਣ ਲਈ ਆਪਣੀਆਂ ਗਤੀਵਿਧੀਆਂ ਦੁਆਰਾ ਯਤਨਸ਼ੀਲ ਹੋਣਗੇ। ਭਾਰਤ ਸਰਕਾਰ ਵੱਲੋਂ ਆਈ ਮਾਇਕ ਸਹਾਇਤਾ ਵੀ ਸੁਸਾਇਟੀ ਵੱਲੋਂ ਇਨ੍ਹਾਂ ਕਲੱਬਾਂ ਨੂੰ ਦਿੱਤੀ ਗਈ।

11. ਮਿਤੀ 15.05.1996 ਨੂੰ ਸੁਸਾਇਟੀ ਦੇ ਮੈਂਬਰਾਂ ਅਤੇ ਈਕੋ-ਕਲੱਬ ਦੇ ਮੈਂਬਰ ਵਿਦਿਆਰਥੀਆਂ ਨੇ ਜੰਗਲੀ ਜੀਵ ਜੰਤੂਆਂ ਦੇ ਵੇਖਣ ਲਈ ਛੱਤਬੀੜ ਚਿੜੀਆ ਘਰ ਅਤੇ ਰੋਪੜ ਵੈੱਟ-ਲੈਂਡ ਦਾ ਟੂਰ ਲਾਇਆ।

12. ਮਿਤੀ 05.06.1996 ਨੂੰ ਜਗਤਜੀਤ ਕਲੱਬ, ਕਪੂਰਥਲਾ ਵਿਖੇ ਨੈਸ਼ਨਲ ਵਾਤਾਵਰਣ ਦਿਵਸ ਮਨਾਇਆ ਗਿਆ। ਸ਼੍ਰੀ ਐਸ.ਐਸ. ਰਾਜਪੂਤ ਡਿਪਟੀ ਕਮਿਸ਼ਨਰ ਮੁੱਖ ਮਹਿਮਾਨ ਸਨ। ਉਸ ਦਿਨ ਸਵੇਰ ਵੇਲੇ ਸ਼੍ਰੀ ਅਨੁਰਾਗ ਵਰਮਾ ਆਈ.ਏ.ਐਸ. ਨੇ ਕਪੂਰਥਲਾ ਵਿਖੇ ਇੱਕ ਪਦ-ਯਾਤਰਾ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ।

13. ਮਿਤੀ 08.03.1997 ਨੂੰ ਵੈੱਟ-ਲੈਂਡ ਪੰਛੀਆਂ ਬਾਰੇ ਸੁੰਦਰ ਹੋਰਡਿੰਗ ਕਾਂਜਲੀ ਵੈੱਟ-ਲੈਂਡ ਵਿਖੇ ਲਗਵਾਏ ਗਏ। ਇਨ੍ਹਾਂ ਪੰਛੀਆਂ ਦੀਆਂ ਕੈਲੰਡਰ ਵਰਗੀਆਂ ਪੇਂਟਿੰਗਜ਼ ਛਪਵਾ ਕੇ ਜ਼ਿਲ੍ਹਾ ਦੇ ਸਕੂਲਾਂ ਵਿੱਚ ਵੰਡੀਆਂ ਵੀ ਗਈਆਂ।

(ਚਲਦਾ)

*****

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ

ਪ੍ਰੋ. ਪਿਆਰਾ ਸਿੰਘ ਪਦਮ



ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨ ਸਹਾਰ ਕੇ ਜਰਵਾਣਿਆਂ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨ੍ਹਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤ੍ਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ; ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੂਝੇ; ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗ੍ਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗ਼ਿਲਾ ਨਹੀਂ:

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥**

(ਪੰਨਾ ੩੬੦)

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਕ ਮਾਨਤਾ, ਬੋਲ ਬਾਣੀ, ਪਹਿਰਾਵਾ, ਖਾਣ-ਪੀਣ ਤੇ ਰਹਿਣ-ਸਹਿਣ ਸੱਭੋ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗਲ ਜ਼ਮਾਨੇ ਵਿਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਉਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ:

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

(ਪੰਨਾ ੧੪੨)

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥**
**ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥...**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥**

(ਪੰਨਾ ੧੧੯੧)

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**

(ਪੰਨਾ ੪੭੦)

**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨਾ ਜਾਣਾ॥**

(ਪੰਨਾ ੪੭੨)

ਗੁਲਾਮੀ ਦੇ ਇਹ ਕਾਰੀ ਜ਼ਖਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਚਲਾਇਆ; ਥਾਂ-ਥਾਂ 'ਸੰਗਤਾਂ' ਕਾਇਮ ਕੀਤੀਆਂ; ਧਰਮਸ਼ਾਲਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ

ਵੇਲਾ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ।**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥**

(ਪੰਨਾ ੧੪੧੨)

ਇਸ ਜਬਰ-ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮਤ ਦੇ ਸਨ। ਮੁਗ਼ਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ ਲਿਆ ਕੇ ਉਨ੍ਹਾਂ ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗਾਵਤ ਕੀਤੀ; ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ; ਗੋਕਲ ਨੇ ਜਾਟਾਂ ਤੇ ਖੁਸ਼ਹਾਲ ਖਾਂ ਖ਼ਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ-ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿਚ ਜਥੇਬੰਦ ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ :

**ਡਰੀਐ ਜੇ ਡਰੁ ਹੋਵੈ ਹੋਰੁ ॥**
**ਡਰਿ ਡਰਿ ਡਰਣਾ ਮਨ ਕਾ ਸੋਰੁ ॥**

(ਪੰਨਾ ੧੫੧)

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

(ਪੰਨਾ ੪੭੩)

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ਼ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਦੀ ਨਵੀਂ ਬਸਤੀ 'ਗੁਰੂ ਦਾ ਚੱਕ' ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸਿੱਖਾਂ ਵਿਚ ਨਿਰਭੈਤਾ ਦੀ ਭਾਵਨਾ ਜਗਾਈ :

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ ॥**

(ਪੰਨਾ ੧੧)

**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸਟਿ ਘਤੇ ਰਾਮ ॥**

(ਪੰਨਾ ੫੪੦)

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਤੇ ਸਾਂਝਾ ਧਰਮ ਗ੍ਰੰਥ ਆਦਿ ਗ੍ਰੰਥ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ-ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ :

**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ ॥**

(ਪੰਨਾ ੧੧੩੬)

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥**

(ਪੰਨਾ ੧੦੯੬)

ਹੁਣ ਸਿੱਖੀ ਦਾ ਜਲਵਾ ਸਾਫ ਦਿੱਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇ ਮਜ਼ਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿੱਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ :

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।'

*'ਅਜ ਸਿਹ ਚਹਾਰ ਪੁਸ਼ਤਿਉਂ ਈਂ ਦੁਕਾਨਿ ਰਾ ਗਰਮਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ਼ ਬਾਯਦ ਸਾਖ਼ਤ, ਊਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ।' (ਤੋਜ਼ਕਿ ਜਹਾਂਗੀਰੀ)*

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫ਼ੁਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (੧੫੬੧-੧੬੨੪) ਜੋ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵੱਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟੜ ਫਿਰਕਾਪ੍ਰਸਤੀ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ -

'ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਣ ਹੈ। ਇਸ ਕਤਲ ਪਿੱਛੇ ਨੀਅਤ ਜਾਂ ਗਰਜ਼ ਕੁਝ ਵੀ ਹੋਵੇ, ਕਾਫਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ।' 'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖੂਬ ਵਾਕਯਾ ਸੂਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖਾਚੀਏ ਕੁੱਫਾਰ ਨਕਦਿ ਅਹਲਿ ਇਸਲਾਮ ਅਸਤ।'

(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ ੧੯੩ ਸੰਪਾਦਕ- ਨੂਰ ਅਹਿਮਦ)

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਗੋਬਿੰਦ

ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ-ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ-ਰਾਜਨੀਤਿਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕੀਆਂ, ਸੰਤ ਸਿਪਾਹੀ ਰੋਹ ਵਿਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ । ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁਦੱਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਮ੍ਹਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ ੧੬੫੮ ਈ. ਵਿਚ ਰਾਜ ਗੱਦੀ 'ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ! ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖ਼ੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ ਖੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੁਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼ਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਨੂੰ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ।

ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ; ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

(ਪੰਨਾ ੧੪੨੭)

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀਂ, ਨਿੰਦਾ ਉਸਤਿਤ ਤੇ ਗਰੀਬੀ ਅਮੀਰੀ ਤੋਂ ਉੱਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ:

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

(ਪੰਨਾ ੬੩੩)

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤੱਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਤ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ।

ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੇ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ੧੬ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ:

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥**

**(ਪੰਨਾ ੧੧੮੬)**

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ।

ਉਨ੍ਹਾਂ ਦੇ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ:

੧) ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ!

੨) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਨਾਓ !

੩) ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ!

ਗੁਰੂ ਸਾਹਿਬ ਨੇ ਕਿਹਾ, ਸਾਡੇ ਮੱਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ।

ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖਲਅੰਦਾਜ਼ੀ ਮਨੁੱਖੀ ਸਭਿਆਚਾਰ ਵਿਚ ਪਰਵਾਣ ਨਹੀਂ। ਅਸੀਂ ਨ ਤਿਲਕ ਮੁਦੱਈ ਤੇ ਨ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਾਉਂਦੇ। ਸੋ ਗੁਰੂ ਸਾਹਿਬ ਨੇ ਮੌਤ ਨੂੰ ਖੁਸ਼ੀ-ਖੁਸ਼ੀ ਪਰਵਾਣ ਕੀਤਾ ਤੇ ਆਪਣਾ ਬਲੀਦਾਨ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ:

**ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ॥**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**

**(ਬਚਿਤ੍ਰ ਨਾਟਕ ਪਾ : ੧੦)**


ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ, ਅਦੁੱਤੀ ਹੈਸੀਅਤ ਰੱਖਦਾ ਸੀ। ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ਦੀ ਸ਼ਰਧਾਂਜਲੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਜਬਰ ਤੇ ਅਨਿਆਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਅਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਕਹਾਣੀ

# ਜ਼ਖਮੀ ਬੰਦਾ ਅਤੇ ਉਜੜਿਆ ਹੋਇਆ ਗਿਰਜਾ ਘਰ

## *ਮੈਂ ਮੁਆਫ ਨਹੀਂ ਕਰ ਸਕਦਾ .....ਮੈਂ ਪਿਆਰ ਕਰਦਾ ਹਾਂ*


**ਇੰਜ. ਅਮਰੀਕ ਸਿੰਘ**
**ਸ਼ਿਕਾਗੋ**
**ਸਾਬਕਾ ਮੈਂਬਰ**
**ਬੀ.ਬੀ.ਐਮ.ਬੀ.**

ਗਿਰਜਾ ਘਰ ਦੀ ਚਾਰ-ਦੀਵਾਰੀ ਮੌਸਮ ਨਾਲ ਖਰਾਬ ਹੋਈ ਪਈ ਸੀ। ਈਸਾ ਮਸੀਹ ਦੀ ਲਾਲ ਫੋਟੋ, ਹੱਥ ਵਿਚ ਉਸਨੇ ਕਰੌਸ ਪਕੜਿਆ ਹੋਇਆ, ਇਕ ਹੱਸਦੇ ਬੱਚੇ ਦਾ ਪੁਰਾਣਾ ਚਿੱਤਰ, ਲਾਲ-ਨੀਲੇ ਰੰਗ ਦਾ ਈਸਾ ਦੀ ਮਾਤਾ ਦਾ ਚਿੱਤਰ, ਰੋਮਨ ਦੇ ਸੈਨਿਕਾਂ ਅਤੇ ਈਸਾ ਮਸੀਹ ਦੇ ਹੱਥ ਬੰਨੇ ਦੇ ਚਿੱਤਰ ਗਿਰਜਾ ਘਰ ਦੀ ਚਾਰ-ਦੀਵਾਰੀ ਉੱਪਰ ਕਿਸੇ ਸਮੁੱਚੇ ਕਲਾਕਾਰ ਨੇ ਬਣਾਏ ਹੋਏ ਸਨ। ਗਿਰਜਾ ਘਰ ਦੀ ਸਾਰੀ ਛੱਤ ਹਨੇਰੀਆਂ ਨਾਲ ਉੱਡ ਚੁੱਕੀ ਸੀ। ਗਿਰਜਾ ਘਰ ਉੱਪਰ ਖੁੱਲ੍ਹਾ ਇਟਲੀ ਦਾ ਨੀਲਾ ਆਕਾਸ਼ ਹੀ ਸੀ। ਬਾਰਸ਼ ਨਾਲ ਦੀਵਾਰਾਂ ਵਿਚ ਮੋਰੀਆਂ ਅਤੇ ਪਲਸਤਰ ਭਰ ਕੇ ਡਿੱਗਿਆ ਹੋਇਆ ਸੀ। ਸਰਕਦੇ ਹੋਏ ਟਿੱਲੇ ਉੱਪਰ ਇਕਲਾ ਗਿਰਜਾ ਘਰ ਹੀ ਸੀ ਜੋ ਸਮੁੰਦਰ ਦੇ ਕਿਨਾਰੇ ਨਾਲ ਚਟਾਨ ਤੇ ਟਿਕਿਆ ਹੋਇਆ ਸੀ। ਸਮੁੰਦਰ ਦੀਆਂ ਲਹਿਰਾਂ ਰੋਜ਼ ਰਾਤ ਨੂੰ ਟਿਲੇ ਦੇ ਪੈਰ ਕੋਲ ਸ਼ਾਂਤ ਖਲੋ ਜਾਂਦੀਆਂ। ਕੁਝ ਲੋਕ ਕਹਿੰਦੇ ਕਿ ਟਾਪੂ ਦੇ ਥੱਲੇ ਵਸਦੇ ਪਾਦਰੀਆਂ ਨੇ ਟਿੱਲੇ ਨੂੰ ਬਣਾਇਆ ਸੀ, ਜੋ ਖ਼ਤਰਨਾਕ ਪਲੇਗ ਦੇ ਰੋਗੀਆਂ ਨੂੰ ਬਚਾਉਣ ਲਈ ਇਥੇ ਪ੍ਰਾਰਥਨਾ ਵਾਸਤੇ ਲਿਆਂਦੇ ਗਏ। ਕੁਝ ਕਹਿੰਦੇ ਕਿ ਮੁਸਾਫ਼ਰ ਪਾਦਰੀਆਂ ਅਤੇ ਤਪੱਸਵੀਆਂ ਦੇ ਪ੍ਰਾਰਥਨਾਂ ਕਰਨ ਲਈ ਇਸ ਨੂੰ ਬਣਾਇਆ ਗਿਆ ਸੀ। ਹੁਣ ਕੋਈ ਵੀ ਪ੍ਰਾਰਥਨਾਂ ਕਰਨ ਜਾਂ ਰੋਗੀਆਂ ਨੂੰ ਬਚਾਉਣ ਲਈ ਨਾ ਆਉਂਦਾ। ਇਸ ਗਿਰਜਾ ਘਰ ਦੇ ਪਿੱਛੇ ਪੁਰਾਣੀ ਰੋਮਨ ਦੀ ਬਣਾਈ ਹੋਈ ਸੜਕ ਲੰਘਦੀ ਹੈ। ਜੇ ਤੁਸੀਂ ਇਸ ਨੂੰ ਪਾਰ ਕਰੋ ਅਤੇ ਇੱਥੇ ਧੁੱਪ ਵਾਲੇ ਦਿਨ ਇਕੱਲੇ ਬੈਠੋ ਤਾਂ ਤੁਸੀਂ ਰੋਮਨ ਸਿਪਾਹੀਆਂ ਦੇ ਠਾਹ-ਠਾਹ ਚੱਲਣ ਦੀ ਆਵਾਜ਼ ਮਹਿਸੂਸ ਕਰ ਸਕਦੇ ਹੋ। ਉਹਨਾਂ ਦੇ ਝਾੜੀਆਂ ਵਿਚ ਘੁਸਣ ਦੀ ਆਵਾਜ ਵੀ ਮਹਿਸੂਸ ਕਰੋਗੇ ਭਾਵੇਂ ਉਸ ਵੇਲੇ ਸੜਕ ਕੱਚੀ ਹੁੰਦੀ ਸੀ। ਹੁਣ ਬਹੁਤ ਚੁੱਪ-ਚਾਪ ਹੈ। ਕਦੀ ਕਦਾਈ ਹੀ ਕਿਸੇ ਕਿਸਾਨ ਦੀ ਲੜਕੀ ਆਪਣੇ ਘੋੜੇ ਤੇ ਬੈਠ ਕੇ ਲੰਘਦੀ ਹੈ ਅਤੇ ਉਸ ਦੇ ਪੈਰਾਂ ਦੀ ਟਪ-ਟਪ ਦੀ ਆਵਾਜ਼ ਤੁਹਾਡੇ ਕੰਨਾਂ ਨੂੰ ਸੁਣਾਈ ਦੇਵੇਗੀ। ਕਦੀ ਕੋਈ ਬੁੱਢੀ ਔਰਤ ਸਿਰ ਤੇ ਘਾਹ ਦੀ ਪੰਡ ਲੈ ਕੇ ਜਾਂਦੀ ਹੋਈ ਅਤੇ ਕਦੀ ਕੁਝ ਗਰੀਬ ਬੰਦੇ ਜੰਗਲ ਵਿਚੋਂ ਬਾਲਣ ਦੀਆਂ ਲੱਕੜੀਆਂ ਸਿਰ ਉੱਪਰ ਰੱਖੀ ਲਿਜਾਂਦੇ ਹੋਏ ਨਜ਼ਰ ਆਉਣਗੇ। ਨਹੀਂ ਤਾਂ ਸਿਰਫ ਗਿਰਜਾ ਘਰ ਇਕਲਾ ਹੀ ਉੱਪਰ ਟਿੱਲੇ ਤੇ ਖੜਾ ਜਿਸ ਦੇ ਪੈਰਾਂ ਤੇ ਸਾਗਰ ਦੀਆਂ ਲਹਿਰਾਂ ਟਕਰਾਉਂਦੀਆਂ ਅਤੇ ਵਾਪਸ ਜਾਂਦੀਆਂ ਨਜ਼ਰ ਆਉਂਦੀਆਂ ਸਨ।

ਮੈਂ ਇਕ ਸਰਦੀਆਂ ਦੀ ਦੁਪਹਿਰ ਦੀ ਧੁੱਪ ਵਾਲੇ ਦਿਨ ਰੋਮਨ ਸੜਕ ਵੱਲ ਆਇਆ। ਮੈਂ ਥੱਕਿਆ ਹੋਇਆ ਅਤੇ ਨੀਂਦਰ ਮਹਿਸੂਸ ਕਰ ਰਿਹਾ ਸੀ। ਮੈਂ ਗਿਰਜਾ ਘਰ ਵਿਚ ਅੰਦਰ ਇਕ ਟੁੱਟੀ ਹੋਈ ਬਾਰੀ ਕੋਲ ਖਲੋ ਕੇ ਸਾਗਰ ਵੱਲ ਤੱਕਣ ਲੱਗ ਪਿਆ। ਨੀਲੇ-ਨੀਲੇ ਪਾਣੀ ਦੇ ਬਹੁਤ ਦੂਰ ਦੂਸਰੇ ਪਾਸੇ ਕਸਬੇ ਅਤੇ ਪਿੰਡ ਪਹਾੜ ਦੀ ਢਲਾਣ ਉੱਪਰ ਵਸੇ ਦਿਖਾਈ ਦਿੱਤੇ। ਉਥੇ ਘਰ ਕਈ ਰੰਗਾਂ ਦੇ ਸਨ। ਪਿੱਛੇ ਬਹੁਤ ਉੱਚੇ ਪਹਾੜ ਸਨ। ਪਹਾੜ ਇਵੇਂ ਲਗਦਾ ਕਿ ਜਿਵੇਂ ਮੈਨੂੰ ਬੁਲਾ ਰਹੇ ਹੋਣ, ਪਰ ਉਹਨਾਂ ਤੇ ਮੇਰੇ ਦਰਮਿਆਨ ਕੋਈ ਪੁਲ ਨਹੀਂ ਸੀ ਅਤੇ ਨਾਂ ਹੀ ਕਦੀ ਬਣਾਇਆ ਜਾ ਸਕਦਾ ਸੀ। ਧੁੱਪ ਤੋਂ ਬੱਚਣ ਲਈ ਮੈਂ ਅੱਖਾਂ ਉੱਪਰ ਹੱਥ ਰੱਖੇ ਅਤੇ ਮੁੜ ਪਿਆ ਅਤੇ ਮੈਂ ਉਜੜੇ ਗਿਰਜਾ ਘਰ ਵਿਚ ਜੀਸਸ ਦਾ ਲਾਲ ਰੰਗਿਆ ਚਿੱਤਰ ਕਰੌਸ ਦੇ ਸਾਹਮਣੇ ਦੋਵੇਂ ਹੱਥ ਜੋੜਦਾ ਹੋਇਆ ਬਾਹਰ ਬਰਾਂਡੇ ਵਿਚ ਇਕ ਪੱਥਰ ਤੇ ਬੈਠ ਗਿਆ। ਸਮੁੰਦਰ ਦੀਆਂ ਲਹਿਰਾਂ ਥੱਲੇ ਕਿਨਾਰੇ ਨਾਲ ਟਕਰਾ ਰਹੀਆਂ ਸਨ। ਸਮੁੰਦਰ ਦੇ ਕਿਨਾਰੇ ਅਤੇ ਗਿਰਜਾ ਘਰ ਦੇ ਵਿਚਕਾਰ ਇਕ ਵਾਦੀ ਜਿਸ ਵਿਚ ਚਿੱਟੇ ਘਰਾਂ ਦੀ ਲਾਈਨ ਸੀ, ਜੋ ਹਰੇ-ਹਰੇ ਦਰਖ਼ਤਾਂ ਨਾਲ ਭਰੀ ਹੋਈ ਸੀ। ਮੈਂ ਬਹੁਤ ਥੱਕਿਆ ਹੋਇਆ ਸੀ। ਬਾਹਾਂ ਗੋਡਿਆਂ ਤੇ ਰੱਖ ਲਈਆਂ। ਕੜਕਦੀ ਧੁੱਪ ਨਾਲ ਰੋਮਨ ਸੜਕ ਦੀਆਂ ਇਟਾਂ ਚਮਕ ਰਹੀਆਂ ਸਨ। ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼ ਚਟਾਨਾਂ ਨਾਲ ਟਕਰਾਉਣ ਦੀ ਥੱਲੇ ਤਿੰਨ ਸੌ ਫੁੱਟ ਤੋਂ ਆ ਰਹੀ ਸੀ ਅਤੇ ਹਵਾ ਆਰਚੀਸ ਵਿਚੋਂ ਲੰਘਦੀ ਦੀ ਆਵਾਜ਼ ਨਾਲ ਹੀ ਹਰੇ-ਹਰੇ ਰੁੱਖਾਂ ਦੇ ਝੂਲਣ ਦੀਆਂ ਥੱਲਿਉਂ ਆਵਾਜ਼ਾਂ ਵੀ ਆ ਰਹੀਆਂ ਸਨ। ਮੈਂ ਸਿਰ ਗੋਡਿਆਂ ਤੇ ਰੱਖ ਕੇ ਸੌਂ ਗਿਆ ਅਤੇ ਮੈਨੂੰ ਇਕ ਸੁਪਨਾ ਆਇਆ।

**ਮੇਰਾ ਸੁਪਨਾ:-** ਇਕ ਜ਼ਖ਼ਮੀ ਹੋਇਆ ਆਦਮੀ ਚੀਕ਼ ਕੇ ਰੱਬ ਨੂੰ ਪੁਕਾਰ ਰਿਹਾ ਸੀ। ਰੱਬ ਨੇ ਉਸ ਦੀ ਚੀਕ ਸੁਣੀ ਅਤੇ ਰੱਬ ਜੀ ਨੇ ਇਕ ਫਰਿਸ਼ਤੇ ਨੂੰ ਮੱਦਦ ਲਈ ਥੱਲੇ ਧਰਤੀ ਤੇ ਭੇਜਿਆ, ਫਰਿਸ਼ਤਾ ਧਰਤੀ ਤੇ ਜਾ ਕੇ ਮੁੜ ਆਇਆ। ਫਰਿਸ਼ਤੇ ਨੇ ਰੱਬ ਨੂੰ ਵਾਪਸ ਆ ਕੇ ਦੱਸਿਆ ਕਿ, 'ਮੈਂ ਉਸ ਆਦਮੀ ਦੀ ਮੱਦਦ ਨਹੀਂ ਕਰ ਸਕਦਾ।' ਰੱਬ ਨੇ ਕਿਹਾ, 'ਉਸ ਆਦਮੀ ਨੂੰ ਕੀ ਤਕਲੀਫ ਹੈ?' ਫਰਿਸ਼ਤੇ ਨੇ ਕਿਹਾ,"ਉਸ ਆਦਮੀ ਨੂੰ ਕਿਸੇ ਹੋਰ ਸ਼ਕਸ ਜਿਸ ਦਾ ਨਾਮ ਜਾਰਜ਼ ਹੈ, ਨੇ ਅਣਜਾਣੇ ਵਿਚ ਜ਼ਖ਼ਮੀ ਕਰ ਦਿਤਾ ਹੈ। ਜ਼ਖ਼ਮੀ ਆਦਮੀ ਲਗਾਤਾਰ ਇਹ ਕਹਿ ਰਿਹਾ ਹੈ, ਕਿ ਉਹ ਮੁਆਫ ਕਰਨਾ ਚਾਹੁੰਦਾ ਹੈ, ਪਰ ਫਿਰ ਵੀ ਮੁਆਫ ਨਹੀਂ ਕਰ ਸਕਦਾ। ਰੱਬ ਜੀ ਨੇ ਕਿਹਾ, 'ਫਰਿਸ਼ਤੇ ! ਫਿਰ ਤੂੰ ਦਸ, ਜ਼ਖ਼ਮੀ ਆਦਮੀ ਲਈ ਕੀ ਕਰ ਕੇ ਆਇਆ ਹੈ?' ਫਰਿਸ਼ਤੇ ਨੇ

ਕਿਹਾ, 'ਮੈਂ ਜ਼ਖ਼ਮੀ ਆਦਮੀ ਦਾ ਹੱਥ ਫੜ ਕੇ ਕਿਹਾ ਕਿ ਮੇਰੇ ਭਰਾਵਾਂ! ਦੇਖ ਜਾਰਜ਼ ਨੂੰ ਤੂੰ ਪਿਆਰ ਕਰ, ਉਹਦੀ ਸੇਵਾ ਕਰ ਅਤੇ ਇਸਤਰਾਂ ਤੂੰ ਉਸ ਨੂੰ ਮੁਆਫ ਕਰ ਸਕੇਂਗਾ।'

ਜ਼ਖ਼ਮੀ ਆਦਮੀ ਨੇ ਮੈਨੂੰ ਜਵਾਬ ਵਿਚ ਕਿਹਾ ਕਿ,"ਜਾਰਜ਼ ਨੂੰ ਭਾਂਵੇ ਉਹ ਨਫ਼ਰਤ ਕਰਦਾ, ਪਰ ਉਹ ਜਾਰਜ਼ ਨੂੰ ਮੁਆਫ ਕਰਨ ਦੇ ਬਾਵਜੂਦ ਵੀ ਮੁਆਫ਼ ਨਹੀਂ ਕਰ ਸਕਦਾ। ਹਾਂ ਜਾਰਜ਼ ਨੂੰ ਮੈਂ ਤੇਰੀ ਗਲ ਮੰਨ ਕੇ ਪਿਆਰ ਕਰਾਂਗਾ ਪਰ ਉਸ ਨੂੰ ਮੁਆਫ਼ ਨਹੀਂ ਕਰ ਸਕਦਾ!

ਫਰਿਸ਼ਤੇ ਨੇ ਰੱਬ ਜੀ ਨੂੰ ਹੋਰ ਦੱਸਿਆ, ਕਿ ਜਦੋਂ ਮੈਂ ਇਕ ਰਾਤ ਹਨੇਰੇ ਵਿਚ ਉਧਰੋਂ ਲੰਘ ਰਿਹਾ ਸੀ, ਤਾਂ ਮੈਂ ਇਕ ਚੀਖ਼ ਉਸੇ ਜ਼ਖਮੀ ਬੰਦੇ ਦੀ ਸੁਣੀ ਅਤੇ ਜ਼ਖਮੀ ਬੰਦਾ ਕਹਿ ਰਿਹਾ ਸੀ ਕਿ, 'ਮੈਂ ਸਭ ਕੁਝ ਕਰਕੇ ਦੇਖਿਆ ਹੈ। ਕੋਈ ਗੱਲ ਨਹੀਂ ਬਣੀ। ਹੋਏ ਰੱਬਾ! ਮੈਂ ਜਾਰਜ਼ ਨੂੰ ਮੁਆਫ਼ ਨਹੀਂ ਕਰ ਸਕਦਾ। ਉਹ! ਮੈਂ ਨਹੀਂ ਮੁਆਫ਼ ਕਰ ਸਕਦਾ। ਰੱਬਾ ਮੈਂ ਬੜੀ ਬੇ-ਆਰਾਮੀ ਵਿਚ ਹਾਂ।'

ਫਰਿਸ਼ਤੇ ਨੇ ਰੱਬ ਜੀ ਨੂੰ ਹੋਰ ਦੱਸਿਆ ਕਿ ਜ਼ਖਮੀ ਬੰਦੇ ਨੂੰ ਮੈਂ ਸਮਝਾਇਆ ਕਿ, 'ਉਹ ਭਲੇ ਬੰਦੇ ਤੂੰ ਆਪਣੇ ਬਚਪਨ ਤੋਂ ਲੈ ਕਿ ਹੁਣ ਤੱਕ ਆਪਣੇ ਜੀਵਨ ਤੇ ਗੌਰ ਨਾਲ ਹਰ ਘਟਨਾ ਨੂੰ ਦੇਖ ਕੀ ਸਾਰੇ ਬੰਦੇ ਤੇਰੇ ਭਰਾਵਾਂ ਜੈਸੇ ਨਹੀਂ ਹਨ? ਕੀ ਤੂੰ ਕਦੀ ਪਾਪ ਨਹੀਂ ਕੀਤਾ? ਤੂੰ ਕੀ ਇਨਾਂ ਸ਼ੁੱਧ ਹੈ ਕਿ, ਤੈਨੂੰ ਹੱਕ ਹੈ ਕਿ ਤੂੰ ਜਾਰਜ਼ ਨੂੰ ਮੁਆਫ਼ ਹੀ ਨਾ ਕਰ ਸਕੇ?'

ਫਰਿਸ਼ਤਾ ਰੱਬ ਜੀ ਨੂੰ ਕਹਿੰਦਾ ਗਿਆ,"ਜ਼ਖਮੀ ਬੰਦੇ ਨੇ ਦੋਵੇਂ ਹੱਥ ਜੋੜ ਕੇ ਛਾਤੀ ਤੇ ਰੱਖੇ। ਮੈਂ ਸਮਝਿਆ ਹੁਣ ਉਹ ਮੁਆਫ਼ ਕਰ ਦੇਵੇਗਾ। ਅਜੇ ਮੈਂ ਆਪਣੇ ਖੰਭ ਖੋਲੇ ਹੀ ਸਨ, ਤੁਹਾਡੇ ਕੋਲ ਆਉਣ ਲਈ ਕਿ ਮੈਂ ਫਿਰ ਇਕ ਚੀਖ ਜ਼ਖਮੀ ਬੰਦੇ ਦੀ ਸੁਣੀ, 'ਮੈਂ ਨਹੀਂ ਮੁਆਫ਼ ਕਰ ਸਕਦਾ! ਮੈਂ ਨਹੀਂ ਮੁਆਫ਼ ਕਰ ਸਕਦਾ! ਮੈਂ ਨਹੀਂ ਮੁਆਫ਼ ਕਰ ਸਕਦਾ!'

ਫਰਿਸ਼ਤੇ ਨੇ ਰੱਬ ਜੀ ਨੂੰ ਕਿਹਾ,"ਮੈ ਫਿਰ ਉਸ ਕੋਲ ਗਿਆ ਅਤੇ ਕਿਹਾ ਅੱਛਾ ਜੇ ਤੂੰ ਇਸ ਵਿਚ ਖੁਸ਼ ਹੈ, ਤਾਂ ਨਾ ਮੁਆਫ਼ ਕਰ,ਮਰਨਾ ਚਾਹੁੰਦਾ ਹੈ ਤਾਂ ਤੇਰੀ ਮਰਜ਼ੀ। ਸ਼ਾਇਦ ਅਗਲੀ ਦੁਨੀਆਂ ਵਿਚ.......

ਜ਼ਖਮੀ ਆਦਮੀ ਫਿਰ ਚਿਖਿਆ,"ਫਰਿਸ਼ਤੇ ਮੇਰੇ ਕੋਲੋਂ ਚਲਾ ਜਾ, ਤੈਨੂੰ ਕੋਈ ਗਿਆਨ ਨਹੀਂ ਹੈ? ਮੇਰੇ ਲਈ ਅਗਲੀ ਦੁਨੀਆਂ ਕੀ ਚੀਜ਼ ਹੈ! ਮੈਂ ਅੱਜ ਬਾਂਵਰਾ ਹੋ ਗਿਆ ਹਾਂ। ਮੈਨੂੰ ਧੁੱਪ ਨਜ਼ਰ ਨਹੀਂ ਆ ਰਹੀ ਹੈ, ਧੂਲ ਮੇਰੇ ਗਲੇ ਵਿਚ ਹੈ, ਰੇਤ ਮੇਰੀਆਂ ਅੱਖਾਂ ਵਿਚ ਹੈ। ਮੇਰੇ ਕੋਲੋਂ ਚਲਾ ਜਾ, ਤੈਨੂੰ ਕੁਝ ਨਹੀਂ ਪਤਾ! ਮਰਨ ਤੋਂ ਪਹਿਲਾਂ ਮੈਂ ਇਸ ਸੁੰਦਰ ਦੁਨੀਆਂ ਨੂੰ ਫਿਰ ਹੋਰ ਦੇਖਣਾ ਚਾਹੁੰਦਾ ਹਾਂ। ਉਹ ਰੱਬਾ, ਰੱਬਾ, ਮੈਂ ਜੀਉਣਾ ਚਾਹੁੰਦਾ ਹਾਂ ਪਰ ਜਾਰਜ਼ ਨੂੰ ਮੁਆਫ ਨਹੀਂ ਕਰ ਸਕਦਾ ਹਾਂ। ਉਹ ਰੱਬਾ, ਰੱਬਾ, ਰੱਬਾ!

ਫਰਿਸ਼ਤੇ ਨੇ ਕਿਹਾ ਰੱਬ ਜੀ ਮੈਂ ਉਸ ਨੂੰ ਛੱਡ ਕੇ ਆ ਗਿਆ ਹਾਂ।

ਰੱਬ ਜੀ ਬੋਲੇ, 'ਫਰਿਸ਼ਤੇ! ਉਸ ਦੀ ਆਤਮਾ ਨੂੰ ਜ਼ਰੂਰ ਬਚਾਉਣਾ ਹੈ।'

ਫਰਿਸ਼ਤੇ ਨੇ ਕਿਹਾ ਕਿਸ ਤਰ੍ਹਾਂ?

ਰੱਬ ਨੇ ਕਿਹਾ, 'ਥੱਲੇ ਜਾ ਅਤੇ ਉਸ ਨੂੰ ਬਚਾਅ।'

ਫਰਿਸ਼ਤੇ ਨੇ ਕਿਹਾ,"ਥੱਲੇ ਜਾ ਕੇ ਮੈਂ ਹੋਰ ਕੀ ਕਰਾਂ?

ਫਿਰ ਰੱਬ ਨੇ ਝੁਕ ਕੇ ਫਰਿਸ਼ਤੇ ਦੇ ਕੰਨ ਵਿਚ ਕੁਝ ਕਿਹਾ ਅਤੇ ਫਰਿਸ਼ਤਾ ਖੰਭ ਖਿਲਾਰ ਕੇ ਦੁਨੀਆਂ ਵਿਚ ਥੱਲੇ ਆ ਗਿਆ।

ਗਿਰਜਾ ਘਰ ਵਿਚ ਟੁੱਟੇ ਪੱਥਰ ਤੇ ਬੈਠਾ ਮੈਂ ਆਪਣਾ ਸਿਰ ਗੋਡਿਆਂ ਤੇ ਰੱਖਿਆ ਹੋਇਆ ਸੀ ਅਤੇ ਜਾਗ ਪਿਆ। ਮੈਂ ਬੜਾ ਥੱਕ ਗਿਆ ਸੀ। ਮੈਂ ਫਿਰ ਹਵਾ ਦੇ ਬੁੱਲਿਆਂ ਨਾਲ ਉੱਚੇ ਦਰੱਖ਼ਤ ਝੂਲਦੇ ਦੇਖੇ ਅਤੇ ਫਿਰ ਸੌਂ ਗਿਆ।

ਫਰਿਸ਼ਤਾ ਰੱਬ ਜੀ ਦਾ ਹੁਕਮ ਮੰਨ ਕਿ ਫਿਰ ਥੱਲੇ ਆ ਗਿਆ ਅਤੇ ਉਸ ਕੁੜੱਤਣ ਨਾਲ ਭਰੇ ਜ਼ਖਮੀ ਬੰਦੇ ਦਾ ਹੱਥ ਫੱੜ ਕੇ ਉਸਨੂੰ ਇਕ ਨਵੇਕਲੀ ਨੁੱਕਰ ਵੱਲ ਲੈ ਗਿਆ।

ਜ਼ਖਮੀ ਬੰਦੇ ਨੂੰ ਖਿਆਲ ਵੀ ਨਹੀਂ ਸੀ, ਕਿ ਫਰਿਸ਼ਤਾ ਉਸ ਨੂੰ ਐਸੀ ਜਗ੍ਹਾ ਲੈ ਜਾਏਗਾ। ਅਤੇ ਫਰਿਸ਼ਤੇ ਨੇ ਅਪਣੇ ਖੰਭਾਂ ਨਾਲ ਉਸ ਦੀਆਂ ਅੱਖਾਂ ਨੂੰ ਕੱਜ ਦਿੱਤਾ ਅਤੇ ਜਦੋਂ ਖੰਭਾਂ ਨੂੰ ਫਰਿਸ਼ਤੇ ਨੇ ਅੱਖਾਂ ਤੋਂ ਪਰਾਂ ਹਟਾਇਆ ਤਾਂ ਜ਼ਖਮੀ ਬੰਦੇ ਨੂੰ ਇਕ ਆਦਮੀ ਆਪਣੇ ਸਾਹਮਣੇ ਖੜ੍ਹਾ ਨਜ਼ਰ ਆਇਆ, ਕਿਉਂਕਿ ਰੱਬ ਨੇ ਇਸ ਵਾਰੀ ਫਰਿਸ਼ਤੇ ਨੂੰ ਹਰ ਗੱਲ ਦੇ ਸਮਰੱਥ ਬਣਾ ਕੇ ਭੇਜਿਆ ਸੀ। ਫਰਿਸ਼ਤੇ ਨੇ ਉਸ ਆਦਮੀ ਦੀਆਂ ਸਭ ਬਾਹਰਲੀਆਂ ਚੀਜ਼ਾਂ ਨੂੰ ਇਕ-ਇਕ ਕਰਕੇ ਮਿਟਾ ਦਿੱਤਾ, ਜਿਸ ਤਰ੍ਹਾਂ ਕਿ ਰੰਗ, ਉਮਰ, ਨਾ ਇਸਤਰੀ ਨਾ ਮਰਦ ਦਾ ਰੂਪ ਯਾਨੀ ਕਿ ਲਿੰਗ ਰਹਿਤ ਅਤੇ ਫਿਰ ਸ਼ਰੀਰ ਦਾ ਛਾੜ ਆਤਮਾਂ ਤੋਂ ਲਾਹ ਦਿੱਤਾ। ਇਹ ਸਾਰੀਆਂ ਚੀਜ਼ਾਂ ਜਿਸਦੇ ਨਾਲ ਇਕ ਇਨਸਾਨ ਦੂਸਰੇ ਤੋਂ ਭਿੰਨ ਨਜ਼ਰ ਆਉਂਦਾ ਹੈ, ਖਤਮ ਕਰ ਦਿੱਤੀਆਂ। ਸਿਰਫ ਸ਼ੁੱਧ ਰੂਹ ਹੀ ਰਹਿ ਗਈ, ਜਿਸ ਵਿਚੋਂ ਪ੍ਰਕਾਸ਼ ਛਣ-ਛਣ ਕੇ ਬਾਹਰ ਨਿਕਲ ਰਿਹਾ ਸੀ। ਜ਼ਖਮੀ ਬੰਦੇ ਨੇ ਕਿਹਾ, 'ਫਰਿਸ਼ਤੇ ਤੂੰ ਇਸ ਆਦਮੀ ਨੂੰ ਕੀ ਬਣਾ ਦਿੱਤਾ ਹੈ?'

ਫਰਿਸ਼ਤਾ ਬੋਲਿਆ, 'ਮੈਂ ਇਸ ਆਦਮੀ ਦੀ ਦਵੈਤ ਖਤਮ ਕਰਕੇ ਇਸ ਨੂੰ ਅਸਲੀ ਰੂਪ ਵਿਚ ਤੇਰੇ ਸਾਹਮਣੇ ਪੇਸ਼ ਕੀਤਾ ਹੈ। ਇਹ ਸਮਰਥਾ ਮੈਨੂੰ ਐਤਕੀ ਰੱਬ ਜੀ ਨੇ ਦੇ ਕੇ ਭੇਜਿਆ ਹੈ। ਗੌਰ ਨਾਲ ਪਹਿਚਾਨ ਇਹ ਕੌਣ ਹੈ।'

ਜ਼ਖਮੀ ਬੰਦਾ,"ਇਹ ਤੇ ਮੈਂ ਹਾਂ।

ਫਿਰ ਇਕ ਵਾਰੀ ਫਰਿਸ਼ਤੇ ਨੇ ਆਪਣੇ ਖੰਭਾਂ ਨਾਲ ਜ਼ਖਮੀ ਬੰਦੇ ਦੀਆਂ ਅੱਖਾਂ ਨੂੰ ਕੱਜ ਦਿੱਤਾ ਅਤੇ ਜਦੋਂ ਖੰਭਾਂ ਨੂੰ ਫਰਿਸ਼ਤੇ ਨੇ ਅੱਖਾਂ ਤੋ ਹਟਾਇਆ ਤਾਂ ਜ਼ਖਮੀ ਬੰਦੇ ਨੂੰ ਸਾਰੇ ਇਨਸਾਨ ਇਕੋ ਜਿਹੇ ਪ੍ਰਕਾਸ਼ ਖਿਲਾਰਦੇ ਨਜ਼ਰ ਆਉਣ ਲੱਗ ਪਏ।

ਜ਼ਖਮੀ ਬੰਦੇ ਨੇ ਅੱਗੇ ਹੋ ਕੇ ਇਹ ਸਭ ਤੱਕਿਆ। ਅਤੇ ਫਰਿਸ਼ਤੇ ਨੂੰ ਕਿਹਾ, "'ਇਹ ਕੀ ਹੈ।'

ਜ਼ਖਮੀ ਬੰਦਾ ਫਰਿਸ਼ਤੇ ਨੂੰ ਕਹਿੰਦਾ ਗਿਆ, 'ਬੜੀ ਅਜੀਬ ਗੱਲ ਹੈ ਕਿ ਮੈਂ ਆਪਣਾ ਬੀਤ ਚੁੱਕਾ ਸਮਾਂ, ਬਚਪਨ, ਛੋਟੇ ਮੂੰਹ ਨਾਲ ਦੁੱਧ ਪੀਂਦਾ, ਪਾਣੀ ਦਾ ਕੱਪ ਫੜਦਾ ਜੋ ਮੇਰੇ ਕੋਲੋ ਛਲਕ ਜਾਂਦਾ, ਛੋਟੀ ਜਹੀ ਮੇਰੀ ਧੜਕਦੀ ਜ਼ਿੰਦਗੀ, ਮੇਰਾ ਉੱਠ ਕੇ ਚੱਲਣਾ ਅਤੇ ਫਿਰ ਡਿਗਣਾ, ਰੋਣਾ ਅਤੇ ਚੱਲਣਾ ਸਿਖਣਾਂ, ਮੇਰੀ ਜਵਾਨੀ, ਮੇਰੀਆਂ ਅਧੂਰੀਆਂ ਖਵਾਹਿਸ਼ਾਂ ਪੂਰੀਆਂ ਨਾ ਹੋਈਆਂ, ਮੇਰੀ ਅੰਧੀ ਅਗਿਆਨਤਾ, ਮੇਰਾ ਵਿਵੇਕ, ਮੇਰਾ ਫਿਰ ਇਸ ਭੁਲੇਖੇ

ਦਾ ਦੂਰ ਹੋਣਾ, ਜਦੋਂ ਠੇਡੇ ਨਾਲ ਧਰਤੀ ਤੇ ਡਿੱਗ ਪੈਣਾ ਅਤੇ ਮੂੰਹ ਧੂੰਦਲ ਨਾਲ ਭਰ ਜਾਣਾ, ਕਮਜ਼ੋਰ ਸਮਝਣਾ ਅਤੇ ਹੋਰ ਕਈ ਕੁਝ ਮੈਨੂੰ ਸਾਫ਼ ਨਜ਼ਰ ਆਏ ਹਨ....'

ਜ਼ਖਮੀ ਬੰਦਾ ਬੋਲਦਾ ਗਿਆ,"ਇਹ ਤੇ ਮੈਂ ਖੁਦ ਹਾਂ! ਫਿਰ ਉਹ ਅੱਗੇ ਨੂੰ ਹੋਰ ਝੁੱਕਿਆ ਅਤੇ ਅਪਣੇ ਦਿਲ ਨੂੰ ਉਹਦੇ ਨਾਲ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਫਰਿਸ਼ਤੇ ਨੇ ਰੋਕ ਲਿਆ ਅਤੇ ਆਪਣਿਆਂ ਖੰਭਾਂ ਨਾਲ ਫਿਰ ਉਹਦੀਆਂ ਅੱਖਾਂ ਢੱਕ ਦਿੱਤੀਆਂ। ਰੱਬ ਜੀ ਦੀ ਦਿੱਤੀ ਸਮਰੱਥਾ ਨਾਲ ਫਰਿਸ਼ਤੇ ਨੇ ਜ਼ਖਮੀ ਬੰਦੇ ਨੂੰ ਵਕਤ, ਜਗ੍ਹਾ ਸਾਰੇ ਹਾਲਾਤਾਂ ਤੋਂ ਮੁਕਤ ਕਰ ਦਿੱਤਾ। ਇਸ ਨਾਲ ਜ਼ਖਮੀ ਬੰਦੇ ਨੂੰ ਆਪਣੀ ਇਕਲੀ ਜ਼ਿੰਦਗੀ ਦੀ ਜਗ੍ਹਾ ਸਾਰੀ ਕਾਇਨਾਤ ਦੀ ਜ਼ਿੰਦਗੀ ਮਹਿਸੂਸ ਹੋਣ ਲੱਗੀ। ਇਕ ਵਾਰੀ ਹੋਰ ਫਰਿਸ਼ਤੇ ਨੇ ਆਪਣੇ ਖੰਭਾਂ ਨਾਲ ਜ਼ਖਮੀ ਬੰਦੇ ਦੀਆਂ ਅੱਖਾਂ ਨੂੰ ਕੱਜ ਕੇ ਖੰਭਾਂ ਨੂੰ ਅੱਖਾਂ ਤੋਂ ਹਟਾ ਲਿਆ।

ਜ਼ਖਮੀ ਬੰਦੇ ਨੇ ਆਪਣੇ ਸਾਹਮਣੇ ਇਕ ਛੋਟੇ ਜਿਹੇ ਜ਼ਰੇ ਨੂੰ ਗੌਰ ਨਾਲ ਦੇਖਿਆ ਜੋ ਕਿ ਸਾਰੀ ਕਾਇਨਾਤ ਦਰਸਾ ਰਿਹਾ ਸੀ, ਦੂਰ ਦਰਾਡੇ ਸਿਤਾਰੇ, ਖੰਡ, ਬ੍ਰਹਿਮੰਡ ਲੁਕਾਈ ਬੈਠਾ ਸੀ ਅਤੇ ਕਿਸਤਰਾਂ ਕੋਈ ਛੋਟਾ ਬੀਜ ਧਰਤੀ ਵਿਚੋਂ ਨਿਕਲਦਾ ਜਿਸਨੂੰ ਕੋਈ ਅੱਖ ਨਹੀਂ ਦੇਖ ਸਕਦੀ ਜ਼ਖਮੀ ਬੰਦੇ ਨੇ ਉਹ ਬੀਜ ਵੀ ਧਰਤੀ ਦੇ ਵਿਚ ਵੇਖਿਆ ਅਤੇ ਇਹ ਵੀ ਵੇਖਿਆ ਕਿ ਉਹ ਬਾਹਰ ਆ ਕੇ ਕਿਸਤਰਾਂ ਫਲਦਾ-ਫੁਲਦਾ ਵੱਡਾ ਦਰਖ਼ਤ ਬਣਦਾ ਹੈ। ਉਸਨੇ ਇਹ ਵੀ ਵੇਖਿਆ ਕਿਸ ਤਰ੍ਹਾਂ ਪੁਰਸ਼ ਦਾ ਸਪਰਮ ਔਰਤ ਦੇ ਅੰਡੇ ਨਾਲ ਮਿਲ ਕੇ ਨੰਨਾ ਬੱਚਾ ਬਣਦਾ ਹੈ। ਤੇ ਕਿਸ ਤਰ੍ਹਾਂ ਸੋਹਣੇ ਫੁੱਲ ਬਣਦੇ ਹਨ, ਕਿਸ ਤਰ੍ਹਾਂ ਕਾਹੀ ਰੋੜਿਆਂ ਨਾਲ, ਕੀੜਿਆਂ ਨਾਲ, ਲਾਈਕਨ ਨਾਲ ਮਿਲ ਕੇ ਜ਼ਬਰਦਸਤ ਚਟਾਨ ਬਣਦੀ ਹੈ। ਇਹ ਸਭ ਕੁਝ ਜ਼ਖਮੀ ਬੰਦੇ ਨੇ ਅਜੀਬ ਤੁਅਜੱਬ ਅਤੇ ਅਸਚਰਜਤਾ ਨਾਲ ਦੇਖਿਆ ਅਤੇ ਦੇਖਦਾ ਗਿਆ।

ਫਰਿਸ਼ਤੇ ਨੇ ਉਸ ਨੂੰ ਛੂਹਿਆ।

ਪਰ ਜ਼ਖਮੀ ਬੰਦਾ ਦੇਖਦਾ ਰਿਹਾ।

ਜ਼ਖਮੀ ਆਦਮੀ ਨੇ ਆਪਣਾ ਸਿਰ ਝੁਕਾਇਆ ਅਤੇ ਮੋਢੇ ਛੰਡਦਾ ਰਿਹਾ। ਉਸ ਨੇ ਹੌਲੀ ਜੇਹੀ ਆਵਾਜ਼ ਕੱਢੀ......."ਕੀ ਇਹ ਰੱਬ ਹੈ!

ਫਿਰ ਫਰਿਸ਼ਤੇ ਨੇ ਜ਼ਖਮੀ ਆਦਮੀ ਕੋਲੋਂ ਇਹ ਸਾਰੀ ਸ਼ਕਤੀ ਵਾਪਸ ਲੈ ਕੇ ਉਸ ਨੂੰ ਪਹਿਲੀ ਸ਼ਕਲ ਵਿਚ ਲੈ ਆਇਆ ਜੋ ਉਹ ਸੀ।

ਫਰਿਸ਼ਤੇ ਨੇ ਕਿਹਾ, 'ਕੀ ਤੂੰ ਉਸ ਆਦਮੀ ਨੂੰ ਜਿਸ ਨੇ ਤੈਨੂੰ ਜ਼ਖਮੀ ਕੀਤਾ ਹੈ, ਉਸ ਨੂੰ ਮੁਆਫ ਕਰ ਦਿੱਤਾ ਹੈ?'

ਪਰ ਜ਼ਖਮੀ ਬੰਦੇ ਨੇ ਕਿਹਾ,"'ਕਿੰਨਾ ਸੁੰਦਰ ਹੈ ਮੇਰਾ ਭਰਾ ਜਾਰਜ਼!'

ਫਰਿਸ਼ਤੇ ਨੇ ਜਾਰਜ਼ ਅਤੇ ਜ਼ਖਮੀ ਬੰਦੇ ਦੋਨਾਂ ਵੱਲ ਵੇਖਿਆ ਹਲਕੀ ਸੁੰਦਰ ਮੁਸਕਾਨ ਨਾਲ ਉੱਡਦਾ ਹੋਇਆ ਰੱਬ ਕੋਲ ਵਾਪਸ ਚਲਾ ਗਿਆ।

ਦੋਨੋ ਜਾਰਜ਼ ਅਤੇ ਜ਼ਖਮੀ ਬੰਦਾ ਧਰਤੀ ਤੇ ਇਕੱਠੇ ਪਿਆਰ ਨਾਲ ਰਹਿਣ ਲੱਗੇ।

ਮੈਂ ਜਾਗ ਪਿਆ।

ਨੀਲਾ-ਨੀਲਾ ਆਕਾਸ਼ ਮੇਰੇ ਸਿਰ ਦੇ ਉੱਪਰ ਸੀ। ਪਹਿਲਾਂ ਦੀ ਤਰ੍ਹਾਂ ਸਾਗਰ ਦੀਆਂ ਲਹਿਰਾਂ ਥੱਲੇ ਕੰਢੇ ਨਾਲ ਟਕਰਾ ਰਹੀਆਂ ਸਨ। ਮੈਂ ਉਸ ਢੱਠੇ ਹੋਏ ਗਿਰਜਾ ਘਰ ਵਿਚੋਂ ਚੱਲਦਾ ਬਾਹਰ ਆ ਗਿਆ। ਚਾਰ ਦੀਵਾਰੀ ਦੀਆਂ ਕੰਧਾਂ ਉਪੱਰ ਮੈਂ ਫਿਰ ਵੇਖਿਆ ਮੈਡੋਨਾ ਦਾ ਚਿੱਤਰ,ਈਸਾ ਮਸੀਹ ਦੀ ਲਾਲ ਫੋਟੋ ਹੱਥ ਵਿਚ ਉਸ ਨੇ ਕਰੋਸ ਪਕੜਿਆ ਹੋਇਆ, ਰੋਮਨ ਫੌਜੀ ਹੱਥ ਵਿਚ ਡੰਡਾ ਪਕੜੀ, ਬੈਂਬਿਨੋਂ ਕਪੜੇ ਲਪੇਟੀ ਈਸਾ ਮਸੀਹ ਦੀ ਸੁੰਦਰ ਮੂਰਤੀ ਦਾ ਚਿੱਤਰ ਜਿਸ ਨੂੰ ਕਰਿਸਮਿਸ ਵਾਲੇ ਦਿਨ ਗਿਰਜਾ ਘਰਾਂ ਵਿੱਚ ਵਿਖਾਇਆ ਜਾਂਦਾ ਹੈ। ਸੜਕ ਦੇ ਦੋਵੇਂ ਕਿਨਾਰਿਆਂ ਉੱਪਰ ਹਰੇ ਉੱਚੇ ਦਰਖ਼ਤ, ਹਰੇ ਤੇ ਕਾਲੇ ਰੰਗਾਂ ਦੇ ਬੇਰਾਂ ਨਾਲ ਲਦੀਆਂ ਝਾੜੀਆਂ, ਆਸਮਾਨ ਨੂੰ ਛੂਹਦੇਂ ਸਫੈਦਿਆਂ ਦੇ ਦਰਖ਼ਤ, ਪੱਥਰ ਦੀ ਦੀਵਾਰ ਵਿਚੋਂ ਵਿਕਲੇ ਹੋਏ ਛੋਟੇ-ਛੋਟੇ ਬਰਫ਼ ਦੇ ਪੌਦੇ ਦਿਖਾਈ ਦਿੱਤੇ।

ਮੈਨੂੰ ਲੱਗਾ ਕਿ ਮੇਰੇ ਸੌਣ ਦੁਰਾਨ ਬਾਰਸ਼ ਪਈ ਹੋਵੇਗੀ। ਮੈਨੂੰ ਲੱਗਾ ਕਿ ਇਹੋ ਜਿਹਾ ਸੁੰਦਰ ਆਕਾਸ਼ ਅਤੇ ਧਰਤੀ ਮੈਂ ਪਹਿਲੀ ਵਾਰ ਵੇਖ ਰਿਹਾ ਹਾਂ। ਮੈਂ ਸੜਕ ਤੋਂ ਥੱਲੇ ਉੱਤਰ ਆਇਆ। ਮੇਰੀ ਕਈ ਸਾਲਾਂ ਦੀ ਸਰੀਰਕ ਥਕਾਵਟ ਗਾਇਬ ਹੋ ਗਈ ਅਤੇ ਮੈਂ ਬੱਚਿਆਂ ਦੀ ਤਰ੍ਹਾਂ ਫੁਦਕਦਾ ਟੱਪਦਾ ਚੱਲ ਰਿਹਾ ਸੀ।

ਇਸ ਵਕਤ ਇਕ ਕਿਸਾਨ ਦੇ ਲੜਕੇ ਦੇ ਪਿੱਛੇ ਉਸ ਦਾ ਘੋੜਾ ਜਿਸ ਦੇ ਦੋਵੇਂ ਪਾਸੇ ਦੋ ਵੱਡੇ ਡਲੇ ਲੱਦੇ ਹੋਏ ਸਨ। ਉਸ ਰਾਸਤੇ ਤੇ ਆ ਰਹੇ ਸਨ। ਉਹ ਮੇਰੇ ਤੋਂ ਥੋੜ੍ਹੇ ਅੱਗੇ ਸਨ। ਮੈਂ ਉਸ ਨੂੰ ਕਦੇ ਪਹਿਲਾਂ ਨਹੀਂ ਸੀ ਦੇਖਿਆ, ਪਰ ਮੇਰਾ ਜੀਅ ਕਰਦਾ ਸੀ, ਉਸਦੇ ਨਾਲ-ਨਾਲ ਉਹਦਾ ਹੱਥ ਫੜ ਕੇ ਚਲਣ ਨੂੰ, ਉਸ ਲੜਕੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ।

**ਜਦੋਂ ਕਿਸੇ ਰਿਸ਼ਤੇ ਵਿਚ ਜਿੱਦ ਤੇ ਆਕੜ ਆ ਜਾਵੇ ਤਾਂ ਇਹ ਦੋਵੇਂ ਜਿੱਤ ਜਾਂਦੇ ਨੇ ਪਰ ਉਹ ਰਿਸ਼ਤਾ ਹਾਰ ਜਾਂਦਾ ਹੈ।**

# ਸਭੇ ਗਲਾਂ ਵਿਸਰਨੁ ਇਕੋ ਵਿਸਰਿ ਨ ਜਾਉ ॥ (ਅੰਗ 43)

ਪ੍ਰਿੰ. ਪ੍ਰੀਤ ਮੋਹਿੰਦਰ ਪਾਲ ਸਿੰਘ (ਡਾ.)



ਹੋਰ ਸਾਰੀਆਂ ਗੱਲਾਂ ਬੇਸ਼ੱਕ ਭੁਲ ਜਾਣ, ਪਰ ਇਕ ਪਰਮਾਤਮਾ ਦਾ ਨਾਂ ਮੈਨੂੰ ਕਦੇ ਨਾ ਭੁੱਲੇ।

ਗੁਰੂ ਗ੍ਰੰਥ ਸਾਹਿਬ ਵਿਚ ਭਗਤਾ ਦੀ ਬਾਣੀ ਅੰਕਿਤ ਹੈ ਸਭ ਜਾਣੂ ਹਨ। ਭਗਤ ਨਾਮ ਦੇਵ ਜੀ ਹੱਥਾਂ ਨਾਲ ਕੱਪੜੇ ਛਾਪਣ ਦਾ ਕੰਮ ਕਰਦੇ ਅਤੇ ਮਨ ਦੇ ਨਾਲ ਆਤਮਾ ਨੂੰ ਨਾਮ ਦੀ ਰੰਗਤ ਚਾੜ੍ਹਦੇ।

ਭਗਤ ਤ੍ਰਿਲੋਚਨ ਜੀ ਉਹਨਾਂ ਦੀ ਮਹਿਮਾ ਸੁਣ ਉਹਨਾਂ ਪਾਸ ਆਉਂਦੇ ਪਰ ਉਹ ਮਹਿਸੂਸ ਕਰਦੇ ਕਿ ਭਗਤ ਜੀ ਤਾਂ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ। ਮਾਇਆ ਇਕੱਠੀ ਕਰਨ ਵਾਸਤੇ ਲੋਕਾਂ ਦੇ ਕੱਪੜੇ ਛਾਪੀ ਜਾਂਦੇ ਹਨ। ਇਸ ਤਰਕ ਨੂੰ ਕਬੀਰ ਜੀ ਨੇ ਗੁਰਬਾਣੀ ਵਿਚ ਅੰਕਿਤ ਕੀਤਾ –

**ਨਾ ਨਾ ਮਾਇਆ ਮੋਹਿਆ ਕਹੈ ਤਿਲੋਚਨ ਮੀਤ ॥**

**ਕਾਹੈ ਛੀਪਹੁ ਛਾਇਲੈ ਰਾਮ ਨਾ ਲਾਵਹੁ ਚੀਤੁ ॥(ਅੰਗ 1375)**

ਇਸ ਦਾ ਜੁਆਬ ਬਾਬਾ ਨਾਮਦੇਵ ਜੀ ਵੱਲੋਂ ਤ੍ਰਿਲੋਚਨ ਜੀ ਨੂੰ ਵੀ ਕਬੀਰ ਜੀ ਪੇਸ਼ ਕਰਦੇ ਹਨ।

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸਮ੍ਹਾਲਿ**

**ਹਾਥ ਪਾਉ ਕਰਿ ਕਾਮੁ ਸਭ ਚੀਤ ਨਿਰੰਜਨ ਨਾਲਿ ॥(ਅੰਗ 1376)**

ਭਗਤ ਰਵਿਦਾਸ ਜੀ ਪਸ਼ੂਆਂ ਦੀਆਂ ਖੱਲਾਂ ਉਤਾਰ ਕੇ, ਉਸ ਦੇ ਜੋੜੇ ਬਣਾ ਕੇ ਅਤੇ ਗੰਢਣ ਆਦਿ ਦਾ ਕੰਮ ਕਰਕੇ ਆਪਣੇ ਪਰਿਵਾਰ ਦੀ ਪਰਵਰਿਸ਼ ਕਰਦੇ ਸਨ। ਉਹਨਾਂ ਦਾ ਸੰਸਾਰਿਕ ਤੰਗੀ ਤੋਸ਼ੀ ਵੱਲ ਧਿਆਨ ਨਹੀਂ ਜਾਂਦਾ ਕਦੇ ਵੀ, ਸਗੋਂ ਉਹਨਾਂ ਦਾ ਧਿਆਨ ਹਮੇਸ਼ਾ ਪ੍ਰਭੂ ਬੰਦਗੀ ਵੱਲ ਜੁੜਿਆ ਰਹਿੰਦਾ। ਉਹਨਾਂ ਨੇ ਪ੍ਰਮਾਤਮਾ ਪਾਸੋਂ ਮੰਗ ਕੀਤੀ ਆਪ ਜੀ ਦਾ ਫੁਰਮਾਨ ਹੈ –

**ਸਿਰੀ ਰਾਗੁ ਰਵਿਦਾਸ ਜੀ ॥**

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**

**ਕਨਕ ਕਟਿਕ ਜਲ ਤਰੰਗ ਜੈਸਾ ॥**

**ਕਾਉ ਪੈ ਹਮ ਨਾ ਪਾਪ ਕਰੰਤਾ ਅਹੇ ਅਨੰਤਾ ॥**

**ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ਰਹਾਉ ॥**

ਇਤਿਹਾਸ ਵਿਚ ਜ਼ਿਕਰ ਹੈ ਇਕ ਵਾਰ ਪ੍ਰਮਾਤਮਾ ਨੇ ਇਕ ਸਾਧੂ ਦੇ ਰੂਪ ਵਿਚ ਆ ਕੇ ਇਕ ਪਾਰਸ ਪੱਥਰ ਕੱਢ ਕੇ ਰਵਿਦਾਸ ਜੀ ਨੂੰ ਦੇਣਾ ਚਾਹਿਆ। ਪਰ ਭਗਤ ਜੀ ਨੇ ਛੰਨ ਦੇ ਆਲੇ ਵਿਚ ਰਖਵਾ ਦਿੱਤਾ ਤੇ ਆਪ ਆਪਣੇ ਕੰਮ ਵਿਚ ਜੁਟ ਗਏ। ਸਮਾਂ ਪਾ ਕੇ ਪ੍ਰਭੂ ਜੀ ਨੇ ਰਵਿਦਾਸ ਜੀ ਪਾਸੋਂ ਪਾਰਸ ਬਾਰੇ ਪੁੱਛਿਆ ਤਾਂ ਰਵਿਦਾਸ ਜੀ ਨੇ ਕਿਹਾ ਕਿ ਜਿਥੇ ਰੱਖ ਗਏ ਸੀ ਉਸੇ ਜਗ੍ਹਾ ਤੋਂ ਲੈ ਲਵੋ। ਇਹੋ ਜਿਹੀ ਬਿਰਤੀ ਦੇ ਮਾਲਕ ਸਨ ਭਗਤ ਜੀ। ਭਗਤ ਸੈਣ ਜੀ ਨੇ ਵੀ ਜਦ ਰਾਜੇ ਦੀ ਨੌਕਰੀ ਕੀਤੀ ਤਾਂ ਉਸ ਸਮੇਂ ਉਹਨਾਂ ਨੇ ਬੇਸ਼ੱਕ ਰਾਜੇ ਦੀ ਨੌਕਰੀ ਦੌਰਾਨ ਕੋਈ ਕੁਤਾਹੀ ਨਹੀਂ ਕੀਤੀ ਪਰ ਪ੍ਰਮਤਾਮਾ ਦੀ ਬੰਦਗੀ ਨਾਲ ਜੁੜੇ ਰਹੇ। ਇਕ ਵਾਰ ਉਹਨਾਂ ਦੇ ਘਰ ਮਹਾਤਮਾ ਦੀ ਜਨ ਮੰਡਲੀ ਆ ਪਹੁੰਚੀ। ਆਪ ਨੇ ਉਹਨਾਂ ਨੂੰ ਪ੍ਰਸ਼ਾਦਾ ਪਾਣੀ ਛਕਾਇਆ ਸਾਰੀ ਰਾਤ ਨਾਮ ਸਿਮਰਨ ਚਲਦਾ ਰਿਹਾ। ਸੈਣ ਜੀ ਰਾਤ ਭਰ ਰਾਜੇ ਦੀ ਡਿਊਟੀ ਤੇ ਨਹੀਂ ਜਾ ਪਾਏ। ਪ੍ਰਮਾਤਮਾ ਨੇ ਖੁਦ ਸੈਣ ਜੀ ਦੇ ਰੂਪ ਵਿਚ ਰਾਜੇ ਦੀ ਡਿਊਟੀ ਕੀਤੀ ਤੇ ਰਾਜੇ ਦੀ ਮੁਠੀ ਚੇਪੀ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਰਾਜੇ ਨੂੰ ਜਦੋਂ ਅਸਲੀਅਤ ਦਾ ਪਤਾ ਲੱਗਿਆ ਤਾਂ ਰਾਜੇ ਨੇ ਸੈਣ ਜੀ ਦੇ ਪੈਰ ਛੂਹੇ ਅਤੇ ਕਿਹਾ ਇਹ ਸਭ ਆਪ ਜੀ ਦੀ ਪ੍ਰੇਮਾ ਭਗਤੀ ਕਰਕੇ ਹੋਇਆ ਹੈ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੈਣ ਜੀ ਦੀ ਪ੍ਰਥਾਇ ਫੁਰਮਾਣ ਕੀਤਾ ਹੈ–

**ਸੈਣ ਨਾਈ ਬੁਤਕਾਰੀਆ ਓਹੁ ਘਰ ਘਰ ਸੁਨਿਆ ॥**

**ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ ॥**

**(ਆਸਾ ਮਹਲਾ 5, ਪੰਨਾ 487)**

ਬਾਬਾ ਬੁੱਢਾ ਜੀ ਨੇ ਅੰਤਿਮ ਸਮੇਂ ਜਪ ਜੀ ਸਾਹਿਬ ਦਾ ਪਾਠ ਕਰ ਆਪਣੇ ਸਵਾਸ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੋਦ ਵਿਚ ਲਏ। ਇਹ ਸਭ ਕੁਝ ਬਾਬਾ ਜੀ ਦਾ ਉਸ ਅਕਾਲ ਪੁਰਖ ਨਾਲ ਜੁੜੇ ਰਹਿਣ ਦਾ ਹੀ ਨਤੀਜਾ ਸੀ। ਜਿਹਨਾਂ ਨੂੰ 6 ਗੁਰੂ ਸਾਹਿਬਾਂ ਦੀ ਸੰਗਤ ਪ੍ਰਾਪਤ ਹੋਈ।

ਧ੍ਰੂ ਪ੍ਰਹਿਲਾਦ ਨੇ ਵੀ ਆਪਣੇ ਮਨ ਨੂੰ ਉਸ ਅਕਾਲ ਪੁਰਖ ਨਾਲ ਜੋੜ ਰੱਖਿਆ ਜਿਸ ਸਦਕਾ ਉਸ ਨੂੰ ਕਿਸੇ ਸਮੇਂ ਵੀ ਆਂਚ ਨਹੀਂ ਆਈ।

ਭਾਈ ਜਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਜੀ ਨੇ ਵੀ ਮਨ ਦੀ ਇਕਾਗਰਤਾ ਗੁਰੂ ਪ੍ਰਤੀ ਰੱਖ ਕੇ ਸ਼ਹਾਦਤ ਹਾਸਲ ਕਰ ਲਈ ਧੰਨ ਸਨ ਉਹ ਰੂਹਾਂ।

**ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੰਤ ਬਾਬਾ ਭਾਗ ਸਿੰਘ ਜੀ

ਸੰਤ ਬਾਬਾ ਭਾਗ ਸਿੰਘ ਜੀ ਦਾ ਜਨਮ 7 ਮੱਘਰ, 1931 ਬਿਕਰਮੀ, ਨਵੰਬਰ 1874 ਈ. ਨੂੰ ਜ਼ਿਲ੍ਹਾ ਕਪੂਰਥਲੇ ਦੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਗਿੱਦੜ ਪਿੰਡੀ ਵਿਚ ਸ. ਜਵਾਹਰ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਛੋਟੀ ਉਮਰ ਵਿਚ ਆਪ ਜੀ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ ਅਤੇ ਇਨ੍ਹਾਂ ਆਪਣੇ ਨਾਨਕੇ ਘਰ ਹੀ ਪਰਵਰਿਸ਼ ਪਾਈ। ਜੁਆਨ ਹੋਣ ਤੇ ਪੰਜ ਸਾਲ ਪੁਲਿਸ ਦੀ ਨੌਕਰੀ ਕੀਤੀ। ਨੌਕਰੀ ਵੱਲੋਂ ਦਿਲ ਉਚਾਟ ਹੋ ਗਿਆ। ਨੌਕਰੀ ਛੱਡ ਦਿੱਤੀ। ਫਿਰ ਆਪ ਆਪਣੇ ਨਾਨਕੇ ਪਿੰਡ ਠਠੇ ਟਿੱਬੇ ਆ ਗਏ। ਇਥੇ ਗੁਰਦੁਆਰਾ ਦਮਦਮਾ ਸਾਹਿਬ ਦੇ ਮਹੰਤ ਬਾਬਾ ਖੜਗ ਸਿੰਘ ਜੀ ਸਨ। ਉਨ੍ਹਾਂ ਦੀ ਸੰਗਤ ਮਿਲ ਗਈ, ਆਪ ਗੁਰਦੁਆਰੇ ਹੀ ਸੇਵਾ ਕਰਨ ਲੱਗ ਪਏ ਅਤੇ ਕੀਰਤਨ ਤੇ ਕਥਾ ਦਾ ਅਨੰਦ ਮਾਣਨ ਲੱਗ ਪਏ। ਭਜਨ ਸਿਮਰਨ ਦੀ ਦਿਨ-ਬ-ਦਿਨ ਚੇਟਕ ਲੱਗਦੀ ਗਈ। ਕੁੱਝ ਸਮਾਂ ਇਥੇ ਸੇਵਾ ਕਰਦਿਆਂ ਬਤੀਤ ਹੋ ਗਿਆ। ਫਿਰ ਆਪ ਜੀ ਨੂੰ ਪਤਾ ਲੱਗਾ ਕਿ ਜ਼ਿਲ੍ਹੇ ਗੁਜਰਾਤ ਵਿਚ ਇਕ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਪਿੰਡ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਤੇ ਬੜੇ ਭਜਨੀਕ ਹਨ। ਉਥੇ ਬਹੁਤ ਮਹਾਂਪੁਰਖ ਰਹਿੰਦੇ ਹਨ। ਆਪ ਮੁਰਾਲੇ ਪੁੱਜ ਗਏ। ਸੰਤ ਬਿਸ਼ਨ ਸਿੰਘ ਜੀ ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਕਰਕੇ ਨਾਮ ਦੀ ਰੰਗਤ ਚੜ੍ਹਦੀ ਗਈ। ਆਪ ਵਿਦਿਆ ਪੜ੍ਹਨ ਵਾਲੇ ਪਾਸੇ ਨੂੰ ਛੱਡ ਕੇ ਨਾਮ ਅਭਿਆਸ ਵਿਚ ਹੀ ਲੀਨ ਰਹਿੰਦੇ। ਇਨ੍ਹਾਂ ਦੀ ਇਸ ਤਰ੍ਹਾਂ ਦੀ ਬਿਰਤੀ ਵੇਖ ਕੇ ਸੰਤ ਬਿਸ਼ਨ ਸਿੰਘ ਜੀ ਭੀ ਆਪ ਦੇ ਉੱਤੇ ਬਹੁਤ ਪ੍ਰਸੰਨ ਸਨ। ਸੇਵਕ ਭਾਵੇਂ ਆਪ ਸੰਤ ਬਾਬਾ ਖੜਗ ਸਿੰਘ ਜੀ ਠਠੇ ਟਿੱਬੇ ਵਾਲਿਆਂ ਦੇ ਸਨ, ਪਰ ਨਾਮ ਬਾਣੀ ਦਾ ਅਭਿਆਸ ਤੇ ਆਤਮਕ ਜੀਵਨ ਦਾ ਲਾਭ ਸੰਤ ਬਿਸ਼ਨ ਸਿੰਘ ਜੀ ਤੋਂ ਹੀ ਪ੍ਰਾਪਤ ਹੋਇਆ। ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਅਕਾਲ ਚਲਾਣਾ ਕਰਨ ਸਮੇਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਾਂਹ ਸੰਤ ਬਾਬਾ ਭਾਗ ਸਿੰਘ ਜੀ ਨੂੰ ਫੜਾਈ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਬਾਂਹ ਛੱਡਣੀ ਨਹੀਂ, ਇਨ੍ਹਾਂ ਦਾ ਖਿਆਲ ਰੱਖਣਾ। ਸੰਤ ਬਾਬਾ ਭਾਗ ਸਿੰਘ ਜੀ ਨੇ ਉਸ ਬਚਨ ਨੂੰ ਜ਼ਿੰਦਗੀ ਭਰ ਨਿਭਾਇਆ ਅਤੇ ਬਹੁਤ ਖਿਆਲ ਰੱਖਦੇ ਰਹੇ। ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਸਤਿਕਾਰ ਭੀ ਬਹੁਤ ਕਰਦੇ ਸਨ। ਆਪ ਜੀ ਨੇ ਆਪਣਾ ਨਿਵਾਸ ਅਸਥਾਨ ਚਪਾਲਾ ਜ਼ਿਲ੍ਹਾ ਗੁਜਰਾਤ ਵਿਚ ਬਣਾਇਆ, ਪਰ ਕਿਸੇ ਅਸਥਾਨ ਦੇ ਨਾਲ ਆਪ ਜੀ ਨੂੰ ਕੋਈ ਪਕੜ ਨਹੀਂ ਸੀ। ਬੜੇ ਅਤੀਤ ਰਹਿੰਦੇ। ਉੱਤੇ ਇਕ ਚਾਦਰ, ਕੱਛਾ ਤੇ ਸਿਰ ਤੇ ਛੋਟੀ ਦਸਤਾਰ ਰੱਖਦੇ। ਅੱਠੀਂ ਪਹਿਰੀਂ ਪ੍ਰਸ਼ਾਦਾ ਛਕਦੇ। ਆਪ ਜੀ ਜਦੋਂ ਡੇਰੇ ਮੁਰਾਲੇ ਆਉਂਦੇ, ਡੇਰੇ ਨਿਵਾਸੀ ਸਭ ਡਰਦੇ। ਆਪ ਜੀ ਦਾ ਬੜਾ ਦਬਦਬਾ ਸੀ। ਇਨ੍ਹਾਂ ਦੀ ਕੁਟੀਆ ਵੱਲ ਕੋਈ ਡਰਦਾ ਜਾਂਦਾ ਨਹੀਂ ਸੀ। ਆਪ ਜੀ ਸੰਨ 1946 ਵਿਚ ਛਠੇ ਟਿੱਬੇ ਜ਼ਿਲ੍ਹਾ ਕਪੂਰਥਲਾ ਵਿਚ ਅਕਾਲ ਚਲਾਣਾ ਕਰ ਗਏ। ਆਪ ਦੇ ਪਿੱਛੋਂ ਆਪ ਜੀ ਦੇ ਸੇਵਕ ਸੰਤ ਕਰਤਾਰ ਸਿੰਘ ਜੀ ਨੂੰ ਆਪ ਦੇ ਨਕਸ਼ੇ ਕਦਮ ਤੇ ਚੱਲਣ ਦਾ ਸਤਿਗੁਰੂ ਜੀ ਨੇ ਬਲ ਬਖ਼ਸ਼ਿਆ, ਜਿਨ੍ਹਾਂ ਕਈ ਗੁਰਦੁਆਰਿਆਂ ਦੀ ਤਨ ਮਨ ਧਨ ਅਤੇ ਬੜੀ ਲਗਨ ਨਾਲ ਸੇਵਾ ਕੀਤੀ। ਜੇਕਰ ਮੈਂ ਇਨ੍ਹਾਂ ਦੀ ਸੇਵਾ ਦਾ ਇਥੇ ਜ਼ਿਕਰ ਕਰਾਂ ਤਾਂ ਇਕ ਨਵਾਂ ਕਾਂਡ ਖੋਹਲਣਾ ਪਵੇਗਾ।

## ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ

ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਜਨਮ ਬਾਬਾ ਖਜ਼ਾਨ ਸਿੰਘ ਜੀ ਦੇ ਘਰ ਮਾਤਾ ਮਤਾਬ ਕੌਰ ਜੀ ਦੀ ਕੁੱਖ ਤੋਂ 8 ਭਾਦਰੋਂ, ਸੰਮਤ 1940 ਨੂੰ ਪਿੰਡ ਭਿੰਡਰ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਆਪ ਜੀ ਤਿੰਨ ਭਰਾ ਸਨ - ਸ. ਮੱਸਾ ਸਿੰਘ ਜੀ, ਸੰਤ ਗਿਆਨੀ ਸੁੰਦਰ ਸਿੰਘ ਜੀ ਅਤੇ ਭਾਈ ਇੰਦਰ ਸਿੰਘ ਜੀ। ਸ. ਮੱਸਾ ਸਿੰਘ ਸ਼ਾਦੀ-ਸ਼ੁਦਾ ਸਨ ਅਤੇ ਘਰ ਦਾ ਜ਼ਿਮੀਦਾਰੇ ਦਾ ਕਾਰੋਬਾਰ ਕਰਦੇ ਸਨ। ਗਿਆਨੀ ਜੀ ਨੇ ਅਤੇ ਭਾਈ ਇੰਦਰ ਸਿੰਘ ਜੀ ਨੇ ਸ਼ਾਦੀ ਨਹੀਂ ਸੀ ਕਰਾਈ। ਬਾਬਾ ਖਜ਼ਾਨ ਸਿੰਘ ਜੀ ਬੜੇ ਭਜਨੀਕ ਸਨ। ਆਪ ਜੀ ਨੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕੀਤਾ ਸੀ। ਗਿਆਨੀ ਸੁੰਦਰ ਸਿੰਘ ਜੀ ਦੇ ਨਾਲ ਹੀ ਜਦੋਂ ਆਪ ਮੁਰਾਲੇ ਸੰਤ ਬਿਸ਼ਨ ਸਿੰਘ ਜੀ ਪਾਸ ਪੜ੍ਹਨ ਲਈ ਗਏ ਤਾਂ ਆਪ ਜੀ ਵੀ ਉਨ੍ਹਾਂ ਦੇ ਨਾਲ ਮੁਰਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਨ ਲਈ ਗਏ ਸਨ। ਆਪ ਜੀ ਦੇ ਨੇਤਰਾਂ ਦੀ ਜੋਤ ਖਤਮ ਹੋ ਗਈ ਸੀ। ਜਦੋਂ ਸੰਤ ਬਿਸ਼ਨ ਸਿੰਘ ਜੀ ਚਲਾਣਾ ਕਰ ਗਏ ਤਾਂ ਕੁਝ ਸਮਾਂ ਪਿਛੋਂ ਗਿਆਨੀ ਜੀ ਦੇ ਨਾਲ ਹੀ ਆਪ ਜੀ ਵੀ ਭਿੰਡਰੀਂ ਆ ਗਏ। ਆਪ ਨੇ ਆਪਣੇ ਘਰ ਦੀ ਜ਼ਮੀਨ ਵਿਚ ਇਕ ਕੁਟੀਆ ਬਣਾਈ ਅਤੇ ਇਕ ਭੋਰਾ ਜ਼ਮੀਨ ਵਿਚ ਬਣਾਇਆ ਸੀ।

ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਇਥੇ ਹੀ ਸ਼ੁਰੂ ਕਰ ਦਿੱਤਾ। 4 ਮੱਘਰ, ਸੰਮਤ 1975 ਮੁਤਾਬਕ ਨਵੰਬਰ 1918 ਨੂੰ ਇਥੇ ਇਕ ਸੌ ਇਕ ਅਖੰਡ ਪਾਠ ਆਰੰਭ ਕੀਤੇ, ਜਿਨ੍ਹਾਂ ਦੀ ਸਮਾਪਤੀ 5 ਜੇਠ, ਸੰਮਤ 1976 ਬਿਕਰਮੀ 8 ਮਈ, 1919 ਨੂੰ ਹੋਈ। ਜਿਸ ਵਿਚ ਬੜੇ-ਬੜੇ ਵਿਦਵਾਨ ਕੀਰਤਨੀਏ, ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਸ਼ਾਮਲ ਹੋਏ ਅਤੇ ਨਾਲ ਹੀ ਇਥੇ ਇਕ ਬਹੁਤ ਸੁੰਦਰ ਗੁਰਦੁਆਰਾ ਤਿਆਰ ਕਰਨ ਲਈ ਭੀ ਅਰਦਾਸਾ ਸੋਧ ਕੇ ਟੱਪ ਲਾ ਦਿੱਤਾ, ਜੋ ਕੁਝ ਸਮੇਂ ਪਿਛੋਂ ਬੜੀ ਸੁੰਦਰ ਗੁਰਦੁਆਰੇ ਦੀ ਬਿਲਡਿੰਗ ਤਿਆਰ ਹੋ ਗਈ। ਸੰਤ ਗਿਆਨੀ ਸੁੰਦਰ ਸਿੰਘ ਜੀ ਬੜੇ ਵਿਦਵਾਨ ਸਨ, ਉਨ੍ਹਾਂ ਦੀ ਕਥਾ ਵਿਚ ਬੜਾ ਰਸ ਸੀ।

(ਚਲਦਾ)

# ਅਲੋਪ ਹੋ ਰਿਹਾ ਕਿੱਤਾ - ਮਿੱਟੀ ਦੇ ਭਾਂਡੇ ਬਣਾਉਣਾ

**ਪਰਮਜੀਤ ਕੌਰ ਸਰਹਿੰਦ**

ਪੁਰਾਣੇ ਸਮਿਆਂ ਵਿੱਚ ਔਖੇ ਤੇ ਭਾਰੇ ਕੰਮਾਂ ਲਈ ਮਨੁੱਖੀ ਸ਼ਕਤੀ ਦੀ ਬੜੀ ਲੋੜ ਹੁੰਦੀ ਸੀ। ਕਿਸਾਨੀ ਕਿੱਤੇ ਵਿੱਚ ਇੱਕ-ਦੂਜੇ ਦੀ ਮੱਦਦ ਕਰਨ ਲਈ ਮਿਹਨਤਕਸ਼ ਲੋਕਾਂ ਦਾ ਬੜਾ ਯੋਗਦਾਨ ਹੁੰਦਾ। ਜਦੋਂ ਕੋਈ ਨਵਾਂ ਪਿੰਡ ਬੰਨਿ ਆ ਜਾਂਦਾ ਤਾਂ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕ ਵੀ ਨਾਲ ਲਿਆ ਕੇ ਪਿੰਡ ਵਿੱਚ ਵਸਾਏ ਜਾਂਦੇ। ਅਸਲੀਅਤ ਤਾਂ ਇਹ ਹੈ ਕਿ ਕਿੱਤਾ ਵੰਡ ਕਾਰਨ ਹੀ ਜਾਤੀਵਾਦ ਹੋਂਦ ਵਿੱਚ ਆਇਆ, ਜਿਸ ਨੂੰ ਅਜੋਕਾ ਸਮਾਜ ਭਲੀ-ਭਾਂਤ ਜਾਣਦਾ ਤੇ ਸਮਝਦਾ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪਰੈਲ 1699 ਨੂੰ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਜਾਤ-ਪਾਤ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੋਇਆ ਹੈ ਅਤੇ ਗੁਰਬਾਣੀ ਵੀ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੁਨੇਹਾ ਦਿੰਦੀ ਹੈ।

ਜੇ ਇਨ੍ਹਾਂ ਕਾਮੇ ਲੋਕਾਂ ਨੂੰ ਉਸ ਸਮੇਂ ਦੀ ਜੀਵਨ ਜਾਚ ਵਿੱਚੋਂ ਮਨਫ਼ੀ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਹ ਲੋਕ ਜੀਵਨ ਦਾ ਅਹਿਮ ਹਿੱਸਾ ਸਨ। ਇਨ੍ਹਾਂ ਵਿੱਚ ਇੱਕ ਘੁਮਿਆਰ ਜਾਤੀ ਹੁੰਦੀ ਜਿਸ ਨੂੰ ਆਦਰ ਵੱਜੋਂ ਪਰਜਾਪਤ ਵੀ ਕਿਹਾ ਜਾਂਦਾ। ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਅਨਾਜ ਤੇ ਹੋਰ ਸਾਜ਼ੋ-ਸਾਮਾਨ ਦੀ ਢੋ-ਢੁਆਈ ਕਰਨੀ ਤੇ ਮਿੱਟੀ ਦੇ ਭਾਂਡੇ ਬਣਾਉਣਾ ਹੁੰਦਾ। ਇਹੋ ਇਨ੍ਹਾਂ ਦੀ ਰੋਜੀ-ਰੋਟੀ ਦਾ ਸਾਧਨ ਸੀ। ਇਨ੍ਹਾਂ ਲੋਕਾਂ ਦੇ ਜੀਵਨ 'ਤੇ ਪਿੱਛਲਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਇਹ ਕਿੰਨੀ ਮਿਹਨਤ ਕਰਦੇ ਸਨ। ਇਨ੍ਹਾਂ ਦਾ ਨਾਂ ਪਰਜਾਪਤ ਕਿਵੇਂ ਪਿਆ? ਇਸ ਬਾਰੇ ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਰਾਜੇ ਦੇ ਪੂਰੇ ਰਾਜ ਵਿੱਚ ਕਾਲ ਪੈ ਗਿਆ ਸੀ। ਕਿਸੇ ਦੂਜੇ ਰਾਜ ਜਾਂ ਇਲਾਕੇ ਵਿੱਚੋਂ ਜਦੋਂ ਘੁਮਿਆਰ ਭਾਈਚਾਰਾ ਆਪਣੇ ਖੱਚਰਾਂ-ਖੋਤਿਆਂ ਤੇ ਅਨਾਜ-ਦਾਣਾ ਲੈ ਕੇ ਪੁੱਜਿਆ ਤਾਂ ਰਾਜੇ ਨੇ ਉਨ੍ਹਾਂ ਨੂੰ 'ਪਰਜਾਪਤ' ਕਹਿ ਕੇ ਨਿਵਾਜਿਆ ਕਿ ਤੁਸੀਂ ਤਾਂ ਪਰਜਾ ਦੀ ਪੱਤ ਰੱਖਣ ਵਾਲ਼ੇ ਹੋ, ਇਕੱਲਾ ਰਾਜਾ ਕੁਝ ਨਹੀਂ ਕਰ ਸਕਦਾ। ਇਸ ਤਰ੍ਹਾਂ ਇਨ੍ਹਾਂ ਨੂੰ ਪਰਜਾਪਤ ਜਾਂ ਪਰਜਾਪਤੀ ਕਿਹਾ ਜਾਣ ਲੱਗਾ।




ਪਰਜਾਪਤ ਭਾਈਚਾਰਾ ਕਿਵੇਂ ਹੱਡ ਤੋੜਵੀਂ ਮਿਹਨਤ ਕਰ ਕੇ ਮਿੱਟੀ ਦੇ ਭਾਂਡੇ ਬਣਾਉਂਦਾ ਸੀ, ਇਸ ਦਾ ਅਜੋਕੇ ਸਮੇਂ ਨੌਜਵਾਨ ਪੀੜ੍ਹੀ ਨੂੰ ਬਿਲਕੁਲ ਪਤਾ ਨਹੀਂ। ਸਾਡੀ ਆਉਣ ਵਾਲ਼ੀ ਪੀੜ੍ਹੀ ਨੂੰ ਤਾਂ ਸ਼ਾਇਦ ਇਹ ਉੱਕਾ ਹੀ ਅਜੀਬੋ-ਗਰੀਬ ਤੇ ਫ਼ਜ਼ੂਲ ਲੱਗੇ। ਇਸ ਕੰਮ ਲਈ ਪੂਰਾ ਪਰਿਵਾਰ ਮਿਹਨਤ ਕਰਦਾ। ਸਭ ਤੋਂ ਪਹਿਲਾਂ ਤਾਂ ਭਾਂਡੇ ਤਿਆਰ ਕਰਨ ਲਈ ਕਿਸੇ ਛੱਪੜ ਵਿੱਚੋਂ ਚੀਕਣੀ ਮਿੱਟੀ ਪੁੱਟ ਕੇ ਲਿਆਂਦੀ ਜਾਂਦੀ। ਕਿਸੇ ਖੇਤ ਦੇ ਨੀਵੇਂ ਥਾਂ ਖੜ੍ਹੇ 'ਚੋਭੇ' (ਟੋਏ) ਵਿੱਚੋਂ ਕਾਫ਼ੀ ਡੂੰਘਾ ਪੁੱਟ ਕੇ ਵੀ ਚੀਕਣੀ ਮਿੱਟੀ ਲਿਆਂਦੀ ਜਾਂਦੀ। ਇਸ ਮਿੱਟੀ ਨੂੰ ਕੁਝ ਦਿਨ ਸੁਕਾ ਕੇ ਚੰਗੀ ਤਰ੍ਹਾਂ ਕੁੱਟਿਆ ਜਾਂਦਾ ਅਤੇ ਬਾਅਦ ਵਿੱਚ ਇਸ ਨੂੰ ਛੋਲੇ ਝਾਰਨ ਵਾਲ਼ੇ ਝਾਰਨੇ ਵਿੱਚੋਂ ਛਾਣਿਆ ਜਾਂਦਾ। ਇਸ ਦੀ ਢੇਰੀ ਲਾ ਕੇ ਬਰੀਕ ਮਿੱਟੀ ਦੀ ਵੱਟ ਬਣਾਈ ਜਾਂਦੀ ਤੇ ਮਿੱਟੀ ਵਿੱਚ ਪਾਣੀ ਪਾ ਦਿੱਤਾ ਜਾਂਦਾ। ਕੁਝ ਘੰਟਿਆਂ ਬਾਅਦ ਉਸ ਵਿੱਚ ਦੰਦਲ ਦਾਤੀ ਫੇਰੀ ਜਾਂਦੀ ਤਾਂ ਜੋ ਮਿੱਟੀ ਵਿੱਚ ਕੋਈ ਡੱਕਾ-ਪੱਤਾ ਜਾਂ ਘਾਹ-ਫੂਸ ਦੀ ਤਿੜ ਨਾ ਰਹਿ ਜਾਵੇ। ਅਜਿਹੀ ਕੋਈ ਚੀਜ਼ ਬਣੇ ਹੋਏ ਪੱਕੇ ਭਾਂਡੇ ਨੂੰ ਰਿਸਣ ਲਾ ਦਿੰਦੀ ਸੀ। ਪਹਿਲਾਂ ਇਸ ਮਿੱਟੀ ਨੂੰ ਪੈਰਾਂ ਨਾਲ ਗੁੰਨ੍ਹਿਆ ਜਾਂਦਾ। ਪਰਿਵਾਰ ਦੇ ਜੀਆਂ ਨਾਲ ਬੱਚੇ ਵੀ ਇਸ ਕੰਮ ਵਿੱਚ ਸ਼ਾਮਲ ਹੁੰਦੇ। ਇਹ ਇੱਕ ਸਾਰ ਹੋਈ ਮਿੱਟੀ ਦੂਰ ਤਕ ਫੈਲਾ ਦਿੱਤੀ ਜਾਂਦੀ ਤੇ ਮੁੜ ਉਸ ਨੂੰ ਆਟਾ ਗੁੰਨ੍ਹਣ ਵਾਂਗ ਹੱਥਾਂ ਨਾਲ ਵਾਰ-ਵਾਰ ਗੁੰਨਿ ਆ ਜਾਂਦਾ। ਇਸ ਗੁੰਨ੍ਹੀ ਤਿਆਰ ਹੋਈ ਮਿੱਟੀ ਦੇ ਪਥਨੇ (ਵੱਡੇ ਪਿੰਨੇ) ਬਣਾ ਕੇ ਇੱਕ ਪਾਸੇ ਰੱਖ ਦਿੱਤੇ ਜਾਂਦੇ। ਪਥਨਿਆਂ ਦੇ ਇਸ ਢੇਰ ਨੂੰ ਮੋਟੇ ਪੁਰਾਣੇ ਕੱਪੜੇ ਜਾਂ ਬੋਰੀਆਂ ਆਦਿ ਨਾਲ਼ ਢਕ ਦਿੱਤਾ ਜਾਂਦਾ।

ਭਾਂਡੇ ਬਣਾਉਣ ਲਈ ਇਸ ਵਿੱਚੋਂ ਲੋੜ ਅਨੁਸਾਰ ਮਿੱਟੀ ਦੇ ਪਿੰਨੇ ਕੱਢ ਕੇ ਉਨ੍ਹਾਂ ਨੂੰ ਫਿਰ ਹੱਥਾਂ ਨਾਲ਼ ਗੁੰਨ੍ਹਿਆ ਜਾਂਦਾ ਅਤੇ 'ਚੱਕ' ਤੇ ਰੱਖਿਆ ਜਾਂਦਾ। ਪਹਿਲੇ ਸਮਿਆਂ ਵਿੱਚ ਚੱਕ, ਕੱਚੀ ਮਿੱਟੀ ਵਿੱਚ ਸਣ ਰਲਾ ਕੇ ਬਣਾਇਆ ਜਾਂਦਾ ਸੀ। ਜਦੋਂ ਭਿੱਜੀ ਮਿੱਟੀ ਵਿੱਚ ਰਲਿਆ ਸਣ ਗਲ਼ ਜਾਂਦਾ ਤਾਂ ਉਸ ਦਾ ਚੱਕ ਬਣਾਇਆ ਜਾਂਦਾ। ਚੱਕ ਦੇ ਥੱਲੇ ਲੱਕੜ ਦੀ ਕਿੱਲੀ ਭਾਵ ਧੁਰਾ ਹੁੰਦਾ। ਚੱਕ ਨੂੰ ਵਿਚਕਾਰੋਂ ਚੰਗੀ ਤਰ੍ਹਾਂ ਪੱਧਰਾ ਕੀਤਾ ਜਾਂਦਾ ਕਿਉਂਕਿ ਇਹ ਮੁੱਖ ਥਾਂ ਹੁੰਦੀ ਜਿੱਥੇ ਭਾਂਡਾ ਬਣਦਾ। ਚੱਕ ਦੇ ਇੱਕ ਪਾਸੇ ਇੱਕ ਮੋਰੀ ਹੁੰਦੀ ਜਿਸ ਵਿੱਚ ਦੋ-ਢਾਈ ਕੁ ਫੁੱਟ ਡੰਡਾ ਪਾਇਆ ਹੁੰਦਾ ਜਿਸ ਨਾਲ਼ ਭਾਂਡਾ ਬਣਾਉਂਦੇ ਸਮੇਂ ਚੱਕ ਨੂੰ ਘੁਮਾਇਆ ਜਾਂਦਾ। ਭਾਂਡਾ ਬਣਾਉਣ ਲਈ ਮਿੱਟੀ ਨੂੰ ਇੱਕ ਫੁੱਟ ਕੁ ਲੰਬਾ, ਗੋਲਾਈਦਾਰ ਆਕਾਰ ਦਿੱਤਾ ਜਾਂਦਾ ਜੋ ਵਿੱਚੋਂ ਖੋਖਲਾ ਹੁੰਦਾ। ਸਭ ਤੋਂ ਪਹਿਲਾਂ ਭਾਂਡੇ ਦੇ ਗਲ਼ੇ ਦਾ ਆਕਾਰ ਬਣਾਇਆ ਜਾਂਦਾ। ਚੱਕ ਕੋਲ ਪਾਣੀ ਪਾ ਕੇ ਇੱਕ ਤੌੜੀ ਰੱਖੀ ਜਾਂਦੀ ਜਿਸ ਨੂੰ 'ਅਨਾਤ' ਕਿਹਾ ਜਾਂਦਾ। ਭਾਂਡੇ ਨੂੰ ਆਕਾਰ ਦੇਣ ਲਈ ਮਿੱਟੀ ਦਾ ਹੀ 'ਆਫਰਾ' ਹੁੰਦਾ ਜੋ

ਤਸਲੇ ਦੀ ਸ਼ਕਲ ਦਾ ਹੁੰਦਾ। ਅਨਾਤ ਵਿਚਲੇ ਪਾਣੀ ਨਾਲ ਹੱਥ ਗਿੱਲੇ ਕਰ-ਕਰ ਕੇ ਭਾਂਡੇ ਨੂੰ ਲੋੜ ਅਨੁਸਾਰ ਬਣਾਇਆ, ਢਾਲਿਆ ਜਾਂਦਾ। ਅਨਾਤ ਦੇ ਉੱਪਰ ਹੀ ਇੱਕ ਡੋਰ ਰੱਖੀ ਹੁੰਦੀ, ਸੂਤ ਦੀ ਵੱਟੀ ਹੋਈ ਇਸ ਡੋਰ ਨੂੰ 'ਸਿਊਣ' ਕਿਹਾ ਜਾਂਦਾ। ਬਣੇ ਹੋਏ ਭਾਂਡੇ ਨੂੰ ਚੱਕ ਉੱਪਰੋਂ ਚੁੱਕਣ ਤੋਂ ਪਹਿਲਾਂ ਉਹ ਡੋਰ ਭਾਂਡੇ ਥੱਲੇ ਪਾਈ ਭਾਵ ਫੇਰੀ ਜਾਂਦੀ ਜੋ ਉਸ ਨੂੰ ਚੱਕ ਨਾਲੋਂ ਅੱਡ ਕਰ ਦਿੰਦੀ।

ਅੱਧ ਬਣੇ ਭਾਂਡਿਆਂ ਨੂੰ ਕੱਪੜੇ ਨਾਲ਼ ਢਕ ਕੇ ਰੱਖਿਆ ਜਾਂਦਾ ਤੇ ਵੱਤ ਆਈ ਤੋਂ ਹੀ ਇਨ੍ਹਾਂ ਨੂੰ ਆਕਾਰ ਦਿੱਤਾ ਜਾਂਦਾ। ਮਿੱਟੀ ਨੂੰ ਪਕਾ ਕੇ ਬਣਾਈ ਗਈ 'ਕਨੇਰੀ' ਨੂੰ ਇੱਕ ਹੱਥ ਵਿੱਚ ਫੜ ਕੇ ਭਾਂਡੇ ਦੇ ਅੰਦਰ ਪਾਇਆ ਜਾਂਦਾ। ਇਹ ਕਨੇਰੀ ਗੋਲ ਆਕਾਰ ਦੇ ਝਾਵੇਂ ਵਰਗੀ ਹੁੰਦੀ। ਦੂਜੇ ਹੱਥ ਵਿੱਚ ਲੱਕੜ ਦਾ ਬਣਿਆ 'ਥਥੂਆ' ਫੜਿਆ ਜਾਂਦਾ ਤੇ ਕੱਚੇ ਭਾਂਡੇ ਨੂੰ ਬਾਹਰੋਂ ਉਸ ਨਾਲ ਥਾਪੜ-ਥਾਪੜ ਕੇ ਸਹੀ ਰੂਪ ਦਿੱਤਾ ਜਾਂਦਾ। ਥਥੂਆ ਛੋਟੇ ਜਿਹੇ ਚੱਕਲੇ ਦੀ ਸ਼ਕਲ ਦਾ ਹੁੰਦਾ ਜਿਸ ਨੂੰ ਇੱਕ ਪਾਸੇ ਤਵੇ ਵਾਂਗੂ ਡੰਡੀ (ਹੈਂਡਲ) ਲੱਗੀ ਹੁੰਦੀ। ਉਹ ਡੰਡੀ ਹੱਥ ਵਿੱਚ ਫੜ ਕੇ ਥਥੂਆ, ਭਾਂਡੇ 'ਤੇ ਹੌਲੀ-ਹੌਲੀ ਮਾਰਿਆ ਜਾਂਦਾ। ਭਾਂਡੇ ਨੂੰ ਥਾਪੜਨ ਸਮੇਂ ਛਾਣਿਆ ਹੋਇਆ ਬਰੀਕ ਰੇਤਾ ਭਾਂਡੇ ਉੱਤੇ ਬਰੂਰਿਆ ਜਾਂਦਾ ਤਾਂ ਜੋ ਥਥੂਆ, ਭਾਂਡੇ ਨਾਲ ਨਾ ਚਿਪਕੇ। ਥਥੂਆ, ਤਿਕੋਣੀ ਜਿਹੀ ਸ਼ਕਲ ਦਾ ਵੀ ਹੁੰਦਾ। ਲੋੜ ਅਨੁਸਾਰ ਅੱਡ-ਅੱਡ ਥਥੂਆ ਵਰਤਿਆ ਜਾਂਦਾ। ਭਾਂਡਾ ਇਕਦਮ ਤਿਆਰ ਨਹੀਂ ਸੀ ਹੁੰਦਾ। ਇਸ ਨੂੰ ਵੱਤ ਦੇਖ ਕੇ ਦੋ-ਤਿੰਨ ਵਾਰ ਹੱਥ ਫੇਰਿਆ ਜਾਂਦਾ। ਸਾਡਾ ਪੇਂਡੂ ਭਾਈਚਾਰਾ ਕਿਸੇ ਵੱਡੇ ਜਾਂ ਬੱਚੇ ਦੇ ਕਨੇਡੂ (ਕੰਨਪੇੜੇ) ਨਿਕਲ ਆਉਣ 'ਤੇ ਪਰਜਾਪਤ ਕੋਲ ਲੈ ਕੇ ਜਾਂਦਾ ਤੇ ਉਹ ਥਥੂਏ ਨਾਲ ਹੱਥ ਹੌਲ਼ਾ (ਫਾਂਡਾ) ਕਰਦਾ। ਹੋ ਸਕਦਾ ਹੈ ਮਿੱਟੀ ਵਿਚਲੇ ਚੰਗੇ ਤੱਤਾਂ ਦੀ ਛੂਹ ਨਾਲ ਕੋਈ ਅਸਰ ਹੁੰਦਾ ਹੋਵੇ। ਇਹੋ ਇਲਾਜ ਅੱਖ 'ਤੇ ਨਿਕਲੀ 'ਗੁਆਂਟਣੀ' ਦਾ ਵੀ ਕੀਤਾ ਜਾਂਦਾ।



ਮਾਹਿਰ ਕਾਰੀਗਰ ਬੜੇ ਧਿਆਨ ਨਾਲ ਧੁੱਪ-ਛਾਂ ਵਿੱਚ ਭਾਂਡੇ ਰੱਖਦੇ। ਸੁੱਕ ਜਾਣ ਉਪਰੰਤ ਭਾਂਡਿਆਂ 'ਤੇ ਸਜਾਵਟ ਕੀਤੀ ਜਾਂਦੀ। ਇਸ ਕੰਮ ਲਈ ਕਿਤੋਂ 'ਬੰਨ੍ਹੀ ਮਿੱਟੀ' ਲੱਭ ਕੇ ਲਿਆਂਦੀ ਜਾਂਦੀ ਜਿਸ ਨੂੰ 'ਪਣਾ' ਵੀ ਕਿਹਾ ਜਾਂਦਾ। ਇਹ ਮਿੱਟੀ ਵੀ ਕੁੱਟ-ਛਾਣ ਕੇ ਰਾਤ ਭਰ ਲਈ ਭਿਉਂ ਕੇ ਰੱਖੀ ਜਾਂਦੀ। ਦੂਜੇ ਦਿਨ ਇਸ ਨੂੰ ਕਿਸੇ ਖੁੱਲ੍ਹੇ ਵੱਡੇ ਭਾਂਡੇ ਵਿੱਚ ਘੋਲ ਲਿਆ ਜਾਂਦਾ। ਪਹਿਲਾਂ ਭਾਂਡੇ ਦਾ ਮੂੰਹ ਉਸ ਵਿੱਚ ਡੁਬੋਇਆ ਜਾਂਦਾ ਤੇ ਨਾਲ ਦੀ ਨਾਲ ਭਾਂਡੇ ਸੁੱਕਦੇ ਰਹਿੰਦੇ। ਇਸ ਘੋਲ ਨਾਲ ਭਾਂਡਿਆਂ ਦੀ ਰੰਗਤ ਵਿੱਚ ਚਮਕ ਆ ਜਾਂਦੀ। ਇਸ ਤੋਂ ਬਾਅਦ ਸੁੱਕ ਚੁੱਕੇ ਭਾਂਡਿਆਂ 'ਤੇ ਚਿੱਤਰਕਾਰੀ ਕੀਤੀ ਜਾਂਦੀ। ਕਿਸੇ ਸੁੱਕੀ ਨਹਿਰ ਵਿੱਚੋਂ ਕਾਲੇ ਰੋੜ ਲੱਭ ਕੇ ਲਿਆਂਦੇ ਜਾਂਦੇ। ਇਨ੍ਹਾਂ ਦੀ ਪਛਾਣ ਕਿਸੇ ਮਾਹਿਰ ਕਾਰੀਗਰ ਨੂੰ ਹੀ ਹੁੰਦੀ। ਕਾਲੇ ਰੋੜਾਂ ਨੂੰ ਧੋ-ਸੰਵਾਰ ਕੇ ਕੂੰਡੇ-ਸੋਟੇ ਨਾਲ ਬਰੀਕ ਕੁੱਟਿਆ ਜਾਂਦਾ। ਫਿਰ ਪਾਣੀ ਪਾ ਕੇ ਰੰਗ ਬਣਾ ਲਿਆ ਜਾਂਦਾ। ਇਸ ਰੰਗ ਨਾਲ਼ ਭਾਂਡਿਆਂ ਉੱਤੇ ਨਮੂਨੇ ਪਾਏ ਜਾਂਦੇ। ਇਸ ਕੰਮ ਲਈ ਵਿਸ਼ੇਸ਼ ਤੌਰ 'ਤੇ ਖੋਤੇ ਦੀ ਪੂਛ ਦੇ ਵਾਲ਼ਾਂ ਦਾ ਬੁਰਸ਼ ਬਣਾਇਆ ਜਾਂਦਾ। ਸੁਨਹਿਰੇ (ਕੂੰਡੇ) ਵਿੱਚ ਕਿਤੇ-ਕਿਤੇ ਸਾਬਤ ਕਾਲ਼ੇ ਰੋੜ ਗੱਡੇ ਜਾਂਦੇ ਤਾਂ ਜੋ ਉਨ੍ਹਾਂ ਦੀ ਰਗੜ ਨਾਲ ਮਸਾਲਾ ਚੰਗੀ ਤਰ੍ਹਾਂ ਕੁੱਟਿਆ ਜਾਵੇ। ਇਹ ਸੁਨਹਿਰੇ ਗਰਮੀ ਦੀ ਰੁੱਤ ਵਿੱਚ 'ਸ਼ਰਦਈ' ਰਗੜਨ ਲਈ ਵਰਤੇ ਜਾਂਦੇ।

ਬਹੁਤ ਸਖ਼ਤ ਮਿਹਨਤ ਅਤੇ ਚੌਕਸੀ ਭਰੇ ਸੁਚੱਜ ਨਾਲ ਤਿਆਰ ਕੀਤੇ ਭਾਂਡਿਆਂ ਨੂੰ 'ਆਵੇ' ਵਿੱਚ ਪਕਾਇਆ ਜਾਂਦਾ। ਘਰ ਦੇ ਖੁੱਲ੍ਹੇ ਵਿਹੜੇ ਦੇ ਕਿਸੇ ਕੋਨੇ ਵੱਲ ਆਵਾ ਬਣਾਇਆ ਹੁੰਦਾ। ਗੋਲ ਘੇਰੇ ਵਾਲਾ ਆਵਾ ਲੋਹੇ ਦੇ ਵੱਡੇ ਸਾਰੇ ਕੜਾਹੇ ਵਰਗਾ ਹੁੰਦਾ। ਇਸ ਦਾ ਘੇਰਾ ਅੰਦਾਜ਼ਨ ਬਾਰ੍ਹਾਂ ਕੁ ਫੁੱਟ ਹੁੰਦਾ ਅਤੇ ਇਹ ਤਿੰਨ ਕੁ ਫੁੱਟ ਡੂੰਘਾ ਹੁੰਦਾ। ਆਵੇ ਵਿੱਚ ਖੜ੍ਹਵੇਂ ਦਾਅ ਪਾਥੀਆਂ ਚਿਣੀਆਂ ਜਾਂਦੀਆਂ। ਬਰਾਬਰ ਚਿਣੀਆਂ ਪਾਥੀਆਂ ਦੇ ਵਿਚਕਾਰ, ਚਾਰ ਕੁੱਜੇ ਮੂਧੇ ਮਾਰੇ ਜਾਂਦੇ। ਇਨ੍ਹਾਂ ਕੁੱਜਿਆਂ ਦੇ ਨਾਲ-ਨਾਲ ਬਣਾਏ ਹੋਏ ਭਾਂਡੇ ਟੇਢੇ ਦਾਅ ਚਿਣੇ ਜਾਂਦੇ। ਇਨ੍ਹਾਂ ਭਾਂਡਿਆਂ ਉੱਪਰ ਭੰਨੀਆਂ-ਤੋੜੀਆਂ ਪਾਥੀਆਂ ਪਾਈਆਂ ਜਾਂਦੀਆਂ, ਪਰ ਕੁੱਜਿਆਂ ਉੱਤੇ ਚਾਰ ਕੁੱਜੇ ਹੋਰ ਮੂਧੇ ਕਰ ਕੇ ਰੱਖ ਦਿੱਤੇ ਜਾਂਦੇ। ਹਰ ਵਾਰ ਭਾਂਡਿਆਂ ਦਾ ਗੇੜ ਦਿੱਤਾ ਜਾਂਦਾ ਤੇ ਫਿਰ ਪਾਥੀਆਂ ਦੇ ਟੁਕੜੇ ਉੱਤੇ ਪਾਏ ਜਾਂਦੇ ਤੇ ਕੁੱਜਿਆਂ ਉੱਤੇ ਚਾਰ ਕੁੱਜੇ ਪੁੱਠੇ ਕਰ ਕੇ ਰੱਖੇ ਜਾਂਦੇ। ਪਹਿਲੇ ਗੇੜ ਵਿੱਚ ਵੱਡੇ ਭਾਂਡੇ ਰੱਖੇ ਜਾਂਦੇ ਜਿਵੇਂ ਘੜੇ, ਚਾਟੀਆਂ, ਤੌਲੇ ਤੇ ਕਾੜ੍ਹਨੀਆਂ ਆਦਿ। ਉਸ ਤੋਂ ਬਾਅਦ ਘੜੋਲੀਆਂ, ਬੱਲਣੀਆਂ, ਤੌੜੀਆਂ-ਤੌੜੇ, ਝੱਕਰੇ-ਝੱਕਰੀਆਂ, ਕੰਡੀਰੇ, ਸੁਨਹਿਰੇ, ਅਤੇ ਦੁਧੌੜੀਆਂ ਦੇ ਮੋਰੀਆਂ ਵਾਲੇ ਕੰਡੀਰੇ ਦੀ ਸ਼ਕਲ ਦੇ ਢੱਕਣ ਆਦਿ ਰੱਖੇ ਜਾਂਦੇ। ਇਨ੍ਹਾਂ ਭਾਡਿਆਂ ਦੀ ਸ਼੍ਰੇਣੀ ਵਿੱਚ ਹੀ ਝੱਜਰਾਂ, ਸੁਰਾਹੀਆਂ, ਕਰੂਏ, ਕੁੱਜੇ, ਟਿੰਡਾਂ ਤੇ ਦੀਵਾਲੀ ਮੌਕੇ ਬਾਲੀ ਜਾਣ ਵਾਲੀ ਹੱਟੜੀ ਜਾਂ ਹੱਟ ਵੀ ਸ਼ਾਮਿਲ ਹੁੰਦੀ। ਸਭ ਤੋਂ ਬਾਅਦ ਵਿੱਚ ਛੋਟੇ ਭਾਂਡੇ ਪਾਏ ਜਾਂਦੇ ਜਿਵੇਂ ਦੀਵੇ, ਠੂਠੀਆਂ, ਕੁੱਜੀਆਂ, ਗੜ ਬੜੇ, ਚੱਪਣ-ਚੱਪਣੀਆਂ ਅਤੇ ਝਾਵੇਂ ਆਦਿ। ਬੱਚਿਆਂ ਲਈ ਨਿੱਕੇ-ਨਿੱਕੇ ਬਾਵੇ, ਬਾਜੀਆਂ, ਘੁੱਗੂ ਤੇ ਕੋਈ ਪੰਛੀ ਵੀ ਬਣਾਏ ਜਾਂਦੇ। ਬੱਚਿਆਂ ਲਈ ਗੱਲੇ (ਗੋਲਕਾਂ) ਵੀ ਬਣਾਏ ਜਾਂਦੇ। ਇਹ ਵੀ ਛੋਟੇ ਭਾਂਡਿਆਂ ਨਾਲ ਆਵੇ 'ਚ ਪਾਏ ਜਾਂਦੇ।

ਆਵੇ ਵਿੱਚ ਛੋਟੇ-ਵੱਡੇ ਅੰਦਾਜ਼ਨ 80-90 ਭਾਂਡੇ ਪਾਏ ਜਾਂਦੇ। ਅਖ਼ੀਰ ਵਿੱਚ ਪਾਥੀਆਂ ਦੀ 'ਕਰੀਹ' ਭਾਂਡਿਆਂ 'ਤੇ ਪਾਈ ਜਾਂਦੀ। ਇਸ ਉੱਤੇ ਮੂੰਗਫ਼ਲੀ ਦਾ ਝੋਅ ਵੀ ਪਾ ਦਿੱਤਾ ਜਾਂਦਾ। ਕੁੱਜਿਆਂ ਵਾਲੀ ਥਾਂ ਅਸਲ ਵਿੱਚ ਮੋਘੇ ਦਾ ਕੰਮ ਕਰਦੀ। ਇਸੇ ਰਾਹੀਂ ਆਵੇ ਨੂੰ ਅੱਗ ਦਿੱਤੀ ਜਾਂਦੀ। ਚੁੱਲ੍ਹੇ ਵਿੱਚ ਗੋਹੇ-ਪਾਥੀਆਂ ਬਾਲ ਕੇ ਤਿਆਰ ਕੀਤੀ ਕੁੱਜਿਆਂ ਵਾਲੇ ਮੋਘੇ ਰਾਹੀਂ ਆਵੇ ਵਿੱਚ ਹੇਠਾਂ ਤਕ ਪਹੁੰਚਾਈ ਜਾਂਦੀ। ਕਿਸੇ ਡੰਡੇ-ਸੋਟੇ ਨਾਲ਼ ਇਸ ਅੱਗ ਨੂੰ ਥੱਲੇ ਤਕ ਧੱਕਿਆ ਜਾਂਦਾ। ਕੁੱਜਿਆਂ ਕਾਰਨ ਬਣੀਆਂ ਵਿਰਲਾਂ ਰਾਹੀਂ ਇਹ ਅੱਗ ਹੌਲੀ-ਹੌਲੀ ਧੁਖ਼ਦੀ ਹੋਈ ਸਾਰੇ ਆਵੇ ਵਿੱਚ ਫੈਲ ਜਾਂਦੀ। ਇਹ ਕੰਮ

ਨਿਪਟਾ ਕੇ ਸਾਰੇ ਆਵੇ ਨੂੰ ਪੂਰੀ ਤਰ੍ਹਾਂ ਢਕ ਦਿੱਤਾ ਜਾਂਦਾ। ਇਸ ਉੱਤੇ ਕੂੜਾ-ਕਰਕਟ, ਰਹਿੰਦ-ਖੂੰਹਦ ਚੌਲਾਂ ਦੀ ਫੱਕ ਆਦਿ ਪਾ ਕੇ ਉੱਪਰ ਗਿੱਲਾ-ਸੁੱਕਾ ਗੋਹਾ ਪਾ ਦਿੱਤਾ ਜਾਂਦਾ। ਇਹ ਭਾਂਡੇ ਅੰਦਾਜ਼ਨ ਹਫ਼ਤੇ-ਦਸ ਦਿਨ ਵਿੱਚ ਤਿਆਰ ਹੋ ਜਾਂਦੇ। ਤਿੰਨ-ਚਾਰ ਦਿਨ ਭਾਂਡੇ ਆਵੇ ਵਿੱਚ ਪੱਕਦੇ ਰਹਿੰਦੇ ਤੇ ਪੰਜ-ਚਾਰ ਦਿਨਾਂ ਵਿੱਚ ਠੰਢੇ ਹੁੰਦੇ। ਆਵੇ ਵਾਲਾ ਸਾਰਾ ਬਾਲਣ ਜਲ ਜਾਂਦਾ ਤੇ ਭਾਂਡੇ ਦਿੱਸਣ ਲੱਗਦੇ। ਮਾਹਿਰ ਕਾਰੀਗਰ ਕੱਚੇ-ਪੱਕੇ ਭਾਂਡਿਆਂ ਦੀ ਪਛਾਣ ਕਰ ਕੇ ਥੋੜ੍ਹੇ-ਥੋੜ੍ਹੇ ਭਾਂਡੇ ਕੱਢਦਾ ਜਾਂਦਾ। ਜਿਹੜੇ ਭਾਂਡੇ ਪੂਰੀ ਤਰ੍ਹਾਂ ਨਾ ਪੱਕਦੇ ਉਨ੍ਹਾਂ ਨੂੰ 'ਪਿੱਲੇ' ਭਾਂਡੇ ਕਿਹਾ ਜਾਂਦਾ। ਇਹ ਭਾਂਡੇ ਕਾਲੇ ਹੋ ਜਾਂਦੇ ਅਤੇ ਬੇਕਾਰ ਜਾਂਦੇ।

ਕਈ ਵਾਰ ਇਨ੍ਹਾਂ ਮਿਹਨਤਕਸ਼ ਪਰਜਾਪਤਾਂ ਦੀ ਗ਼ਰੀਬ ਮਾਰ ਹੋ ਜਾਂਦੀ, ਜਦੋਂ ਕੁਦਰਤੀ ਕਰੋਪੀ ਨਾਲ ਆਵਾ ਖ਼ਰਾਬ ਹੋ ਜਾਂਦਾ। ਤੇਜ਼ ਮੀਂਹ-ਹਨੇਰੀ ਨਾਲ ਆਵੇ 'ਚ ਪੱਕਦੇ ਭਾਂਡੇ ਨੁਕਸਾਨੇ ਜਾਂਦੇ। ਜੇ ਕੁਝ ਸਮਾਂ ਲੰਘ ਜਾਂਦਾ ਤੇ ਅੱਗ ਮੱਠੀ ਪੈ ਜਾਂਦੀ ਉਸ ਹਾਲਤ ਵਿੱਚ ਤਾਂ ਆਵੇ ਨੂੰ ਕਿਸੇ ਟੀਨ ਆਦਿ ਨਾਲ ਢਕ ਦਿੱਤਾ ਜਾਂਦਾ ਸੀ, ਪਰ ਤੇਜ਼ ਅੱਗ ਨੂੰ ਢਕਣ ਦਾ ਕੋਈ ਜੁਗਾੜ ਨਹੀਂ ਸੀ ਹੁੰਦਾ। ਇਨ੍ਹਾਂ ਲੋਕਾਂ ਦੀ ਰੋਜ਼ੀ-ਰੋਟੀ ਵੀ ਕੁਦਰਤ ਦੇ ਰਹਿਮੋ-ਕਰਮ 'ਤੇ ਹੀ ਨਿਰਭਰ ਹੁੰਦੀ। ਇਹ ਲੋਕ ਆਪਣੇ ਸਾਰੇ ਪਰਿਵਾਰ ਦੀ ਮੁਸ਼ੱਕਤ ਨਾਲ ਬਣਾਏ ਇਨ੍ਹਾਂ ਭਾਂਡਿਆਂ ਦਾ ਕਦੇ ਤੋੜ ਕੇ ਮੁੱਲ-ਭਾਅ ਨਾ ਕਰਦੇ। ਜ਼ਿਮੀਦਾਰਾਂ ਵੱਲੋਂ ਇਨ੍ਹਾਂ ਨੂੰ ਛਿਮਾਹੀ ਪਿੱਛੋਂ ਦਾਣਾ-ਫੱਕਾ ਦਿੱਤਾ ਜਾਂਦਾ। ਦਿਵਾਲੀ, ਦੁਸਹਿਰੇ ਜਾਂ ਲੋਹੜੀ ਵਰਗੇ ਤਿਉਹਾਰਾਂ ਮੌਕੇ ਸਰਦਾ-ਬਣਦਾ ਅਨਾਜ ਦਿੱਤਾ ਜਾਂਦਾ। ਕਿਸੇ ਖ਼ੁਸ਼ੀ-ਗ਼ਮੀ ਦੇ ਮੌਕੇ ਇਨ੍ਹਾਂ ਪਰਿਵਾਰਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਤੇ ਆਪਣੇ ਘਰਾਂ ਵਿੱਚ ਵਿਆਹ-ਸ਼ਾਦੀ ਮੌਕੇ ਵੀ ਇਨ੍ਹਾਂ ਨੂੰ ਜ਼ਰੂਰ ਵਿੱਤ ਮੁਤਾਬਿਕ ਪੈਸਾ-ਧੇਲਾ, ਕੱਪੜਾ-ਲੀੜਾ ਜਾਂ ਕਣਕ-ਗੁੜ ਆਦਿ ਦਿੱਤਾ ਜਾਂਦਾ। ਕਣਕ ਦੀਆਂ ਵਾਢੀਆਂ ਦੇ ਦਿਨਾਂ ਵਿੱਚ ਇਹ ਖੇਤਾਂ ਵਿੱਚ ਘੜਾ ਅਤੇ ਟਿੰਡ ਦੇਣ ਜਾਂਦੇ। ਕਿਸਾਨ ਉਨ੍ਹਾਂ ਨੂੰ ਕਣਕ ਦਾ ਲਾਣ (ਭਰੀ) ਦਿੰਦੇ।



ਪਿਛਲੇ ਸਮੇਂ ਵਿੱਚ ਪਹਿਲਾਂ ਮਿੱਟੀ ਦੇ ਚੱਕ ਉੱਤੇ ਭਾਂਡੇ ਬਣਦੇ ਸਨ। ਫਿਰ ਸਰੀਏ ਤੇ ਸੀਮਿੰਟ ਵਾਲੇ ਚੱਕ ਬਣਨ ਲੱਗੇ ਜੋ ਬਿਜਲੀ ਦੀ ਮੋਟਰ ਨਾਲ ਚੱਲਦੇ। ਵਿਚਾਰਨ ਯੋਗ ਹੈ ਕਿ ਉਹ ਮਿਹਨਤੀ ਜਿਊੜੇ ਸਬਰ-ਸੰਤੋਖ ਵਾਲਾ ਜੀਵਨ ਜਿਉਂਦੇ ਸਨ। ਛੋਟੇ ਬੱਚਿਆਂ ਤੋਂ ਲੈ ਕੇ ਔਰਤਾਂ-ਮਰਦ ਅਤੇ ਬਜ਼ੁਰਗ ਵੀ ਮਿਹਨਤ ਕਰਦੇ ਸਨ। ਅੱਜ ਉਹ ਪਰਿਵਾਰ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਵੀ ਜਾ ਪੁੱਜੇ ਹਨ। ਇਹ ਹੁਨਰਮੰਦ ਲੋਕ ਰੁਜ਼ਗਾਰ ਲਈ ਸ਼ਹਿਰਾਂ ਵਿੱਚ ਵੀ ਜਾ ਵਸੇ ਹਨ ਅਤੇ ਪਿੰਡਾਂ ਵਿੱਚੋਂ ਇਹ ਕਿੱਤਾ ਅਲੋਪ ਹੋ ਰਿਹਾ ਹੈ। ਕਿਸੇ ਵਿਰਲੇ ਟਾਵੇਂ ਪਿੰਡ ਵਿੱਚ ਹੀ ਅਜੋਕੇ ਸਮੇਂ ਮਿੱਟੀ ਦੇ ਭਾਂਡੇ ਬਣਦੇ ਹਨ। ਕੋਈ-ਕੋਈ ਬਜ਼ੁਰਗ ਅਜੇ ਵੀ ਆਪਣੇ ਇਸ ਪਿਤਾ ਪੁਰਖੀ ਕਿੱਤੇ ਨਾਲ ਜੁੜਿਆ ਹੋਇਆ ਹੈ ਅਤੇ ਉਹ ਆਪਣੇ ਇਸ ਕਿੱਤੇ 'ਤੇ ਮਾਣ ਕਰਦਾ ਹੈ।

ਇਹ ਮਿੱਟੀ ਦੇ ਭਾਂਡੇ ਜਨਮ ਤੋਂ ਮਰਨ ਤਕ ਮਨੁੱਖ ਦਾ ਸਾਥ ਦਿੰਦੇ ਸਨ। ਪਿੰਡਾਂ ਵਿੱਚ ਬੱਚੇ ਦੇ ਜਨਮ ਸਮੇਂ ਉਸ ਨੂੰ ਪਹਿਲੀ ਵਾਰ ਨਹਾਉਣ ਸਮੇਂ ਮਿੱਟੀ ਦਾ ਵੱਡਾ ਕੰਡੀਰਾ ਲਿਆਂਦਾ ਜਾਂਦਾ ਤੇ ਉਸ ਵਿੱਚ ਪਾਣੀ ਪਾ ਕੇ ਬੱਚੇ ਨੂੰ ਨੁਹਾਇਆ ਜਾਂਦਾ। ਕਿਸੇ ਪ੍ਰਾਣੀ ਦੀ ਅੰਤਿਮ ਯਾਤਰਾ ਮੌਕੇ ਵੀ ਬਹੁਤ ਸਾਰੇ ਲੋਕ ਪਾਣੀ ਵਾਲਾ ਘੜਾ ਭੰਨਦੇ ਹਨ।

ਜ਼ਿਕਰਯੋਗ ਹੈ ਕਿ ਮਹੀਂਵਾਲ ਦੀ ਸੋਹਣੀ ਵੀ ਇਨ੍ਹਾਂ ਭਾਂਡਿਆਂ ਕਾਰਨ ਹੀ ਮੁਹੱਬਤ ਦੇ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾ ਗਈ। ਕੱਚੇ-ਪੱਕੇ ਭਾਂਡੇ ਵੀ ਅਮਰ ਹੋ ਗਏ। ਪੰਜਾਬੀ ਗੀਤਾਂ ਵਿੱਚ ਇਹ ਘੜਾ ਸਦਾ ਡੁੱਬਦਾ, ਤਰਦਾ ਤੇ ਖੁਰਦਾ ਰਹਿੰਦਾ ਹੈ। ਪ੍ਰਸਿੱਧ ਗੀਤ ਹੈ :

**ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ**
**ਸਾਨੂੰ ਵੀ ਲੈ ਚੱਲ ਪਾਰ ਘੜਿਆ**
**ਮੇਰਾ ਮੇਲ ਦੇਵੀਂ ਦਿਲਦਾਰ ਘੜਿਆ**

ਜ਼ਿੰਦਗੀ ਨੂੰ ਮਿੱਟੀ ਦੇ ਬਣੇ ਭਾਂਡਿਆਂ ਦੀ ਤਸ਼ਬੀਹ ਦਿੰਦਿਆਂ ਸੁਰਜੀਤ ਬਿੰਦਰੱਖੀਏ ਦੇ ਗਾਏ ਗੀਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਬੜੇ ਉਦਾਸ ਬੋਲ ਹਨ:

**ਮੈਂ ਤਿੜਕੇ ਘੜੇ ਦਾ ਪਾਣੀ, ਮੈਂ ਕੱਲ੍ਹ ਤਕ ਨਹੀਂ ਰਹਿਣਾ।**

## ਬੇਨਤੀ

**'ਲੁਬਾਣਾ ਸੇਵਕ' ਮੈਗਜ਼ੀਨ ਪੜ੍ਹਨ ਵਾਲੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਮੈਗਜ਼ੀਨ ਪੜ੍ਹ ਕੇ ਇਸ ਵਿਚ ਛਪੇ ਮੈਟਰ ਬਾਰੇ ਆਪਣੇ ਸੁਝਾਅ ਦਿਉ। ਧੰਨਵਾਦ।**

**-ਸੰਪਾਦਕ**

## ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

7.

**ਉਸ ਨੇ ਕਹਾ ਹੈ ਕਿ ਹਮ ਕੋ ਨਹੀਂ ਵੈਰ ਆਪ ਸੇ।**
**ਰਖਤੇ ਨਹੀਂ ਹੈ ਕਦ ਹਰਮੋ-ਦੈਰ ਆਪ ਸੇ।**
**ਪਾਤੇ ਹੈਂ ਸਭ ਬਸ਼ਰ ਸਬਕਿ-ਖ਼ੈਰ ਆਪ ਸੇ।**
**ਅਪਨੇ ਬ-ਵਜ੍ਹਾ ਤਮ੍ਹਾ ਹੁਏ ਗ਼ੈਰ ਆਪ ਸੇ।**
**ਦੀਨੋ-ਧਰਮ ਕੋ ਛੋੜ ਕੇ ਅੰਧੇ ਹੁਏ ਹੈਂ ਕੁਛ।**
**ਨਾਜ਼ਿਲ ਪਹਾੜ ਪਰ ਸੇ ਦਰਿੰਦੇ ਹੁਏ ਹੈਂ ਕੁਛ।**

ਬਾਦਸ਼ਾਹ ਨੇ ਕਿਹਾ ਹੈ ਕਿ ਸਾਨੂੰ ਆਪ ਨਾਲ ਕੋਈ ਦੁਸ਼ਮਣੀ ਨਹੀਂ ਹੈ। ਨਾ ਹੀ ਮੰਦਰ ਜਾਂ ਮਸਜਿਦ ਦਾ ਆਪ ਨਾਲ ਕੋਈ ਤਕਰਾਰ ਹੈ। ਸਾਰੇ ਲੋਕ ਆਪ ਪਾਸੋਂ ਨੇਕੀ ਅਤੇ ਭਲਾਈ ਦਾ ਸਬਕ ਲੈਂਦੇ ਹਨ। ਕੁਝ ਆਪ ਦੇ ਆਪਣੇ ਹੀ ਲੋਭ-ਲਾਲਚ ਵਿਚ ਆਣ ਕੇ ਆਪ ਦੇ ਵਿਰੋਧੀ ਬਣੇ ਹੋਏ ਹਨ। ਕੁਝ ਲੋਕ ਧਰਮ-ਈਮਾਨ ਨੂੰ ਭੁੱਲ ਕੇ ਅੰਨ੍ਹੇ ਹੋ ਚੁੱਕੇ ਹਨ। ਇਸੇ ਤਰ੍ਹਾਂ ਕੁਝ ਪਹਾੜੋਂ ਉੱਤਰ ਕੇ ਆਏ ਲੋਕ (ਭਾਵ ਪਹਾੜੀ ਰਾਜੇ) ਵੀ ਵਹਿਸ਼ੀ ਜਾਨਵਰ ਬਣ ਚੁੱਕੇ ਹਨ।

8.

**ਛੋੜੋ ਆਨੰਦਪੁਰ ਯਹ ਸ਼ਾਹੀ ਮੁਕਾਮ ਹੈ।**
**ਮਖ਼ਦੂਸ਼ ਇਸ ਜਗ੍ਹਾ ਪੇ ਤੁਮ੍ਹਾਰਾ ਕਯਾਮ ਹੈ।**
**ਫ਼ੌਜੋਂ ਸੇ ਔਰ ਕਿਲ੍ਹੋਂ ਸੇ ਕਯਾ ਤੁਮ ਕੋ ਕਾਮ ਹੈ?**
**ਲੜਨਾ ਹੀ ਜਬ ਨਹੀਂ, ਯਹ ਕਯੋਂ ਧੂਮਧਾਮ ਹੈ?**
**ਹੈ ਖ਼ੈਰ ਇਸੀ ਮੇਂ ਅਪਨੇ ਕਹੇ ਪਰ ਅਮਲ ਕਰੋ।**
**ਬੇਸੂਦਾ ਹਮਦਮੋਂ ਕੋ ਨਾ ਨਜ਼ਰਿ-ਅਜ਼ਲ ਕਰੋ।**

ਆਪ ਆਨੰਦਪੁਰ ਨੂੰ ਛੱਡ ਦਿਉ, ਕਿਉਂਕਿ ਇਹ ਬਾਦਸ਼ਾਹ ਦੀ ਜਗ੍ਹਾ ਹੈ। ਆਪ ਦਾ ਇਸ ਥਾਂ ਵਾਸ ਕਰਨਾ ਖ਼ਤਰਿਆਂ ਤੇ ਆਫ਼ਤਾਂ ਭਰਿਆ ਹੈ। ਆਪ ਜਿਹੇ ਧਰਮੀ ਲੋਕਾਂ ਦਾ ਕਿਲ੍ਹਿਆਂ ਅਤੇ ਫ਼ੌਜਾਂ ਨਾਲ ਕੀ ਕੰਮ ਹੈ? ਜਦੋਂ ਆਪ ਨੇ ਜੰਗ-ਯੁੱਧ ਕਰਨੇ ਹੀ ਨਹੀਂ ਤਾਂ ਫਿਰ ਇਹ ਧੂਮ-ਧਾਮ (ਨਗਾਰੇ, ਫ਼ੌਜੀ ਮਸ਼ਕਾਂ, ਹਥਿਆਰਾਂ ਦਾ ਪ੍ਰਦਰਸ਼ਨ ਆਦਿ) ਕਿਸ ਵਾਸਤੇ? ਆਪ ਦੀ ਇਸੇ ਗੱਲ ਵਿਚ ਭਲਾਈ ਹੈ ਕਿ ਆਪਣੀ ਸਿੱਖਿਆ ਉੱਤੇ ਚੱਲੋ ਅਤੇ ਆਪਣੇ ਸਾਥੀਆਂ ਨੂੰ ਫ਼ਜ਼ੂਲ ਹੀ ਮੌਤ ਦੇ ਹਵਾਲੇ ਨਾ ਕਰੋ।

9.

**ਦੁਨੀਆ ਕੇ ਹਮ, ਤੋ ਦੀਨ ਕੇ ਤੁਮ ਪਾਤਸ਼ਾਹ ਹੋ।**
**ਆਤਾ ਨਹੀਂ ਯਕੀਂ ਤੁਮ੍ਹੇਂ ਦੁਨੀਆ ਕੀ ਚਾਹ ਹੋ।**
**ਸਤਿਗੁਰ ਕੇ ਪਾਸ ਕਿਸ ਲੀਏ ਫ਼ੌਜੋ-ਸਿਪਾਹ ਹੋ।**
**ਨਾਨਕ ਕੇ ਜਾਨਸ਼ੀਨ ਕੋ ਕਿਉਂ ਹੁਬਿ-ਜਾਹ ਹੋ।**
**ਸਿੰਘੋਂ ਕੋ ਸਾਥ ਲੇ ਕੇ ਯਹਾਂ ਸੇ ਸਿਧਾਰੀਏ।**
**ਵਾਹਿਗੁਰੂ ਕੀ ਫ਼ਤਹਿ ਕਾ ਨਾਅਰਾ ਪੁਕਾਰੀਏ।**

ਆਪ ਦਾ ਤੇ ਸਾਡਾ ਕੋਈ ਜੋੜ ਨਹੀਂ। ਅਸੀਂ ਦੁਨੀਆ ਦੇ ਬਾਦਸ਼ਾਹ ਹਾਂ ਅਤੇ ਤੁਸੀਂ ਦੀਨ ਦੇ ਪਾਤਸ਼ਾਹ ਹੋ। ਆਪ ਵੀ ਦੁਨਿਆਵੀ ਚਾਹਨਾ ਰੱਖਦੇ ਹੋ,

ਇਹ ਜਾਣ ਕੇ ਯਕੀਨ ਨਹੀਂ ਆ ਰਿਹਾ। ਦੀਨ ਦੇ ਪੈਗ਼ੰਬਰਾਂ ਪਾਸ ਫ਼ੌਜਾਂ ਤੇ ਸਿਪਾਹੀਆਂ ਦਾ ਕੀ ਕੰਮ ਹੈ? ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਨੂੰ ਪਦ-ਪਦਵੀਆਂ ਦੀ ਖ਼ਾਹਿਸ਼ ਕਿਉਂ ਹੋਵੇ? ਸੋ ਚੰਗਾ ਇਹੋ ਹੋਵੇਗਾ ਕਿ ਆਪ ਆਪਣੇ ਸਿੰਘਾਂ ਸਮੇਤ (ਆਨੰਦਪੁਰ ਸਾਹਿਬ ਨੂੰ) ਵਾਹਿਗੁਰੂ ਕੀ ਫ਼ਤਹਿ ਬੁਲਾ ਕੇ ਇਥੋਂ ਤੁਰ ਜਾਵੋ।

10.

**ਪੈਗ਼ਾਮ ਸੁਨ ਕੇ ਸਤਿਗੁਰੂ ਖ਼ਾਮੋਸ਼ ਹੋ ਗਏ।**
**ਪੈਦਾ ਤਬੀਅਤੋਂ ਮੇਂ ਮਗਰ ਜੋਸ਼ ਹੋ ਗਏ।**
**ਦਰ-ਪੈ ਨਿਕਾਲਨੇ ਕੇ ਸਿਤਮ-ਕੋਸ਼ ਹੋ ਗਏ।**
**ਜਾਤੇ ਹੈਂ ਹਮ ਤੋ ਬੋਲੇਂਗੇ ਰੂਪੋਸ਼ ਹੋ ਗਏ।**
**ਲਲਕਾਰੇ ਫ਼ੌਜ ਸੇ ਕਿ ਕਿਲਵਾ ਸੇ ਨਿਕਲ ਚਲੋ।**
**ਦੁਸ਼ਮਨ ਸੇ ਹੋਸ਼ਿਆਰ ਰਹੋ ਔਰ ਸੰਭਲ ਚਲੋ।**

ਉਪਰੋਕਤ ਪੈਗ਼ਾਮ ਸੁਣ ਕੇ ਸਤਿਗੁਰੂ ਜੀ ਕੁਝ ਦੇਰ ਲਈ ਚੁੱਪ ਗਏ, ਲੇਕਿਨ ਆਪ ਜੀ ਦੇ ਜਿਸਮ ਅੰਦਰ ਜੋਸ਼ ਉਛਾਲੇ ਮਾਰਨ ਲੱਗਾ। ਸਤਿਗੁਰੂ ਜੀ ਫ਼ੁਰਮਾਏ ਕਿ ਜ਼ਾਲਮ ਤਾਂ ਸਾਨੂੰ ਇਥੋਂ ਕੱਢਣ ਲਈ ਬੂਹੇ ਉੱਤੇ ਆਣ ਖਲੋਤੇ ਹਨ। ਜੇਕਰ ਅਸੀਂ ਚਲੇ ਜਾਂਦੇ ਹਾਂ ਤਾਂ ਆਖਣਗੇ ਕਿ ਮੂੰਹ ਛਿਪਾ ਕੇ ਕਿਧਰੇ ਫਰਾਰ ਹੋ ਗਏ। ਇਸ ਲਈ ਅਸੀਂ ਜੇਕਰ ਜਾਵਾਂਗੇ ਤਾਂ ਸਭ ਨੂੰ ਦੱਸ ਕੇ ਜਾਵਾਂਗੇ। ਸਤਿਗੁਰਾਂ ਨੇ ਫ਼ੌਜ ਨੂੰ ਲਲਕਾਰ ਕੇ ਕਿਹਾ ਕਿ ਕਿਲ੍ਹੇ ਵਿਚੋਂ ਨਿਕਲ ਚੱਲੋ। ਦੁਸ਼ਮਣ ਪਾਸੋਂ ਸਾਵਧਾਨ ਰਹਿੰਦੇ ਹੋਏ, ਸੰਭਲਦੇ ਹੋਏ ਚੱਲੋ।

**11. ਬੇਵਜ੍ਹਾ ਹਮ ਤੋ ਖ਼ੁਦ ਨਹੀਂ ਚਾਹਤੇ ਕਿ ਜੰਗ ਹੋ।**
**ਉਸ ਸੇ ਲੜੈਂਗੇ, ਲੜਨੇ ਕੀ ਜਿਸ ਕੋ ਉਮੰਗ ਹੋ।**
**ਠੋਕਰ ਸੇ ਫੈਂਕ ਦੇਂਗੇ ਜੋ ਰਸਤੇ ਮੇਂ ਸੰਗ ਹੋ।**
**ਸਰ ਉਸ ਕਾ ਕਾਟ ਲੇਂਗੇ ਕਹਾ ਜਿਸ ਨੇ ਤੰਗ ਹੋ।**
**ਖ਼ੂੰਰੇਜ਼ੀ ਵਰਨਾ ਖ਼ਲਕ ਕੀ, ਕਬ ਹਮ ਕੋ ਭਾਤੀ ਹੈ।**
**ਸ਼ੇਰੋਂ ਕੀ ਫ਼ੌਜ ਕਹਿ ਦੇ, ਕੂੰ ਕਾਸਦ ! ਕਿ ਜਾਤੀ ਹੈ।**

ਗੁਰੂ ਜੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਬਿਨਾਂ ਕਾਰਨ ਜੰਗ-ਯੁੱਧ ਕਰਨਾ ਤਾਂ ਅਸੀਂ ਵੀ ਕਦੇ ਨਹੀਂ ਚਾਹੁੰਦੇ। ਲੇਕਿਨ ਜਿਸ ਕਿਸੇ ਨੂੰ ਲੜਾਈ ਕਰਨ ਦਾ ਸ਼ੌਕ ਹੋਵੇ ਉਸ ਨਾਲ ਅਵੱਸ਼ ਲੜਾਂਗੇ। ਜੇਕਰ ਸਾਡੇ ਰਾਹ ਵਿਚ ਕੋਈ ਪੱਥਰ ਆਵੇਗਾ ਤਾਂ ਅਸੀਂ ਉਸ ਨੂੰ ਠੋਕਰ ਮਾਰ ਕੇ ਪਾਸੇ ਹਟਾ ਦਿਆਂਗੇ। ਜੋ ਸਾਨੂੰ ਅਕਾਰਨ ਤੰਗ ਕਰੇਗਾ, ਅਸੀਂ ਉਸ ਦਾ ਸਰ ਕੱਠ ਕੇ ਰੱਖ ਦਿਆਂਗੇ। ਵਰਨਾ, ਲੋਕਾਈ ਦਾ ਖ਼ੂਨ ਵਗਾਉਣਾ ਸਾਨੂੰ ਕਿਹੜਾ ਭਾਉਂਦਾ ਹੈ। ਇਸ ਲਈ ਐ ਕਸਾਦ ! ਸਰਹਿੰਦ ਦੇ ਨਵਾਬ ਨੂੰ ਜਾ ਕੇ ਇਹ ਆਖ ਦੇਹ ਕਿ ਸ਼ੇਰਾਂ ਦੀ ਫ਼ੌਜ ਆਨੰਦਪੁਰ ਤੋਂ ਰਵਾਨਾ ਹੋ ਰਹੀ ਹੈ।

12.

**ਮਸ਼ਹੂਰ ਹੈ ਕਿ ਪਾਇ ਗਦਾ ਲੰਗ ਭੀ ਨਹੀਂ।**
**ਅਪਨੇ ਲੀਏ ਖ਼ੁਦਾ ਕੀ ਜ਼ਿਮੀਂ ਤੰਗ ਭੀ ਨਹੀਂ।**
**ਲੋਗੋਂ ਸੇ ਹਮ ਕੋ ਆਰਜ਼ੂਇ-ਜੰਗ ਭੀ ਨਹੀਂ।**
**ਵਰਨਾ ਕੋਈ ਦਲੇਰੀ ਮੇਂ ਪਾਸੰਗ ਭੀ ਨਹੀਂ।**
**ਮਜਬੂਰ ਹੋ ਗਏ ਤੋ ਲੜਾਈ ਦਿਖਾਏਂਗੇ।**
**ਫਿਰ ਤੇਗ਼ਿ-ਖ਼ਾਲਸਾ ਕੀ ਸਫ਼ਾਈ ਦਿਖਾਏਂਗੇ।**

ਇਹ ਕਥਨ ਬੜਾ ਮਸ਼ਹੂਰ ਹੈ ਕਿ ਨਾ ਤਾਂ ਫ਼ਕੀਰ ਹਮੇਸ਼ਾ ਪੈਰਾਂ ਤੋਂ ਲੰਗੜਾ ਹੁੰਦਾ ਹੈ ਨਾ ਹੀ ਪਰਮੇਸ਼ਵਰ ਲਈ ਜ਼ਮੀਨ ਦੀ ਕੋਈ ਘਾਟ ਹੈ। ਇਸੇ ਤਰ੍ਹਾਂ ਨਾ ਤਾਂ ਸਾਨੂੰ ਲੜਾਈ ਕਰਨ ਦਾ ਕੋਈ ਸ਼ੌਕ ਹੈ ਅਤੇ ਨਾ ਹੀ ਅਸੀਂ ਦਲੇਰੀ ਦੇ ਪੱਖੋਂ ਕਿਸੇ ਨਾਲੋਂ ਘੱਟ ਹਾਂ। ਜੇਕਰ ਸਾਨੂੰ ਮਜਬੂਰ ਕਰ ਦਿੱਤਾ ਗਿਆ ਤਾਂ ਅਵੱਸ਼ ਜੰਗ ਲੜਾਂਗੇ ਅਤੇ ਫਿਰ ਖ਼ਾਲਸਾ ਤਲਵਾਰ ਦੇ ਜੌਹਰ ਵੀ ਵਿਖਾਏਗਾ।

**(ਚਲਦਾ)**

**ਕਦੇ ਵੀ ਚਿੰਤਾ ਨਾ ਕਰੋ। ਸਮਾਂ ਚਾਹੇ ਜਿੰਨਾ ਵੀ ਬੁਰਾ ਹੋਵੇ, ਬਦਲਦਾ ਜ਼ਰੂਰੀ ਹੈ।**

# ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ

**ਡਾ. ਹਰਚੰਦ ਸਿੰਘ ਸਰਹਿੰਦੀ ਸ਼੍ਰੋਮਣੀ ਲੇਖਕ**



ਭਰਾਵਾਂ ਦਾ ਬਚਪਨ ਆਮ ਤੌਰ ’ਤੇ ਇਕੋ ਛੱਤ ਹੇਠ ਰਹਿੰਦਿਆਂ, ਇਕੋ ਤਰ੍ਹਾਂ ਦੇ ਸਮਾਜਿਕ ਤੇ ਆਰਥਿਕ ਵਾਤਾਵਰਣ ਵਿਚ ਗੁਜ਼ਰਦਾ ਹੈ, ਜਿਸ ਕਾਰਨ ਉਨ੍ਹਾਂ ਦੀ ਮੁੱਢਲੀ ਮਾਨਸਿਕਤਾ ਵਿਚ ਪੂਰੀ ਸਾਂਝ ਹੁੰਦੀ ਹੈ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਸ਼ੁਰੂ ਤੋਂ ਹੀ ਇਕ ਦੂਜੇ ਪ੍ਰਤੀ ਪਿਆਰ ਤੇ ਅਪਣੱਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਤਾਹੀਉਂ, ਵੱਡੇ ਭਰਾ ਨੂੰ ਵੀਰ ਸ਼ਬਦ ਨਾਲ ਸੰਬੋਧਨ ਹੁੰਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਮੂੰਹ ਵਿਚ ਪਤਾਸਾ ਖੁਰ ਗਿਆ ਹੋਵੇ।

ਪਰਿਵਾਰਕ ਰਿਸ਼ਤਿਆਂ ਵਿਚ ਭਰਾ ਦਾ ਰਿਸ਼ਤਾ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਸਾਡੇ ਧਾਰਮਿਕ ਗ੍ਰੰਥ ਵੀ ਭਰਾ ਦੇ ਰਿਸ਼ਤੇ ਨੂੰ ਉੱਚ ਰੁਤਬਾ ਬਖ਼ਸ਼ਦੇ ਹਨ। ਗੁਰੂ ਅਰਜਨ ਦੇਵ ਜੀ, ਉਸ ਪ੍ਰਮਾਤਮਾ ਨੂੰ ਭਰਾ ਦੇ ਰੂਪ ਵਿਚ ਸੰਬੋਧਨ ਹੁੰਦੇ ਹਨ। ਫੁਰਮਾਨ ਹੈ – ‘ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।’ ਸੰਤ ਤੁਲਸੀ ਦਾਸ ਆਪਣੀ ਰਚਨਾ ‘ਰਾਮ ਚਰਿਤ ਮਾਨਸ’ ਵਿਚ ਲਿਖਦੇ ਹਨ ਕਿ ਭਰਾ ਦੇ ਰਿਸ਼ਤਾ ਦਾ ਹੋਰ ਕੋਈ ਬਦਲ ਨਹੀਂ। ਜਦੋਂ ਲਛਮਣ–ਮੂਰਛਤ ਹੋ ਜਾਂਦਾ ਹੈ ਤਾਂ ਭਗਵਾਨ ਰਾਮ ਵਿਰਲਾਪ ਕਰਦੇ ਹੋਏ ਉਸ ਨੂੰ ਮੁਖਾਤਿਬ ਹੁੰਦਿਆਂ ਕਹਿੰਦੇ ਹਨ, ‘ਹੇ ਮੇਰੇ ਭਰਾ! ਆਪਣੇ ਮਨ ’ਚ ਇਹ ਸੋਚ ਕੇ ਹੀ ਉੱਠ ਖਲੋਅ ਕਿ ਸੰਸਾਰ ਵਿਚ ਸਕਾ ਭਰਾ ਹੋਰ ਕਿਧਰੋਂ ਨਹੀਂ ਮਿਲ ਸਕਦਾ।’

ਪੰਜਾਬੀ ਜਨ ਜੀਵਨ, ਖ਼ਾਸਕਰ ਸਾਡੇ ਪੇਂਡੂ ਸਮਾਜਿਕ ਢਾਂਚੇ ਅੰਦਰ ਭਰਾਵਾਂ ਦਾ ਸੰਗਠਨ ਇਕ ਸ਼ਕਤੀ ਬਣ ਕੇ ਉੱਭਰਦਾ ਹੈ, ਜਾਂ ਇਉਂ ਕਹਿ ਲਵੋ, ਭਰਾਵਾਂ ਦੇ ਹੁੰਦਿਆਂ ਬੰਦਾ ਇੰਝ ਮਹਿਸੂਸ ਕਰਦਾ ਹੈ ਜਿਵੇਂ ਭਰਾ ਉਸ ਦੀਆਂ ਵਾਧੂ ਬਾਹਾਂ ਹੋਣ। ਜੀਵਨ ਤਜ਼ਰਬਾ ਦੱਸਦਾ ਹੈ ਕਿ ਇਨ੍ਹਾਂ ‘ਵਾਧੂ ਬਾਹਾਂ’ ਦਾ ਬੜਾ ਆਸਰਾ ਹੁੰਦਾ ਹੈ। ਇਸੇ ਓਟ ਆਸਰੇ ਦਾ ਜ਼ਿਕਰ ਕਰਦਿਆਂ ਵਾਰਿਸ਼ ਸ਼ਾਹ ਲਿਖਦਾ ਹੈ:

**ਲੱਖ ਓਟ ਹੈ ਕੋਲ ਵਸੰਦਿਆਂ ਦੀ,**
**ਭਾਈਆਂ ਗਿਆਂ ਜੇਡੀ ਕਾਈ ਹਾਰ ਨਾਹੀਂ।**

ਸੱਚਮੁੱਚ! ‘ਭਾਈ ਮਰਗੇ ਜਿਨ੍ਹਾਂ ਦੇ ਹਾਣ ਦੇ, ਡੌਲਿਓਂ ਟੁੱਟਗੀ ਬਾਂਹ।’ ਭਰਾਵਾਂ ਦੀ ਅਹਿਮੀਅਤ ਦਾ ਬੰਦੇ ਨੂੰ ‘ਉਦੋਂ ਅਹਿਸਾਸ ਹੁੰਦਾ ਹੈ, ਜਦੋਂ ਉਹ ਚਾਰੇ ਪਾਸਿਓਂ ਸੰਕਟ ਵਿਚ ਘਿਰ ਜਾਂਦਾ ਹੈ ਅਤੇ ਉਸ ਨੂੰ ਭੱਜਦੇ ਨੂੰ ਰਾਹ ਨਹੀਂ ਲੱਭਦਾ। ਮੀਆਂ ਪੀਲੂ ਆਪਣੀ ਪ੍ਰਸਿੱਧ ਰਚਨਾ ‘ਮਿਰਜ਼ਾ–ਸਾਹਿਬਾ’ ਦੇ ਅੰਤਮ ਸ਼ਿਅਰ ਵਿਚ ਮਿਰਜ਼ੇ ਦੇ ਮੂੰਹੋਂ ਅਖਵਾਉਂਦਾ ਹੈ:

**ਜੱਟ ਬਾਝ ਭਰਾਵਾਂ ਮਾਰਿਆਂ,**
**ਅੱਜ ਕੋਈ ਨਾ ਮਿਰਜ਼ੇ ਸੰਗ।**

ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਦੀ ਇਹ ਮੁੱਢਲੀ ਆਦਤ ਹੈ ਕਿ ਉਹ ਆਪਣੇ ਕਿਸੇ ਨਜ਼ਦੀਕੀ, ਖਾਸਕਰ ਭਰਾ ਨੂੰ ਆਪਣੇ ਨਾਲੋਂ ਵੱਡਾ ਵੇਖ ਕੇ ਖ਼ੁਸ਼ ਨਹੀਂ ਹੁੰਦਾ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਅਕਸਰ ਲਾਗ ਡਾਟ ਦਾ ਮਾਹੌਲ ਬਣਿਆ ਰਹਿੰਦਾ ਹੈ। ਪਰ ਮਨੋਵਿਗਿਆਨ ਦਾ ਇਹ ਫੈਸਲਾ ਵੀ ਹੈ ਕਿ ਭਰਾਵਾਂ ਵਿਚਕਾਰ ਡੂੰਘੇ ਮਤਭੇਦ ਹੋਣ ਦੇ ਬਾਵਜੂਦ ਉਹ ਇਕ ਦੂਜੇ ਦੀ ਸੁਖ ਸਾਂਦ ਮੰਗਦੇ ਹਨ, ਕਿਉਂਕਿ ਉਨ੍ਹਾਂ ਦੇ ਦਿਲ ਦੇ ਕਿਸੇ ਸਾਫ਼ ਸੁਥਰੇ ਕੋਨੇ ਵਿਚ ਪਿਆਰ ਤੇ ਅਪਣੱਤ ਦੀ ਭਾਵਨਾ ਸੁਰੱਖਿਅਤ ਹੁੰਦੀ ਹੈ। ਭਰਾਵਾਂ ਵਿਚਕਾਰ ਲੜਾਈ ਝਗੜੇ ਦਾ ਮੁੱਢ ਆਮ ਤੌਰ ’ਤੇ ਜੱਦੀ ਜਾਇਦਾਦ ਦੀ ਵੰਡ ਤੋਂ ਬੱਝਦਾ ਹੈ। ਆਦਿ ਕਾਲ ਤੋਂ ਹੀ ਜ਼ਰ, ਜ਼ਮੀਨ ਤੇ ਜੋਰੂ ਦੀ ਲਾਲਸਾ ਸਾਡੀ ਸੋਚ ’ਤੇ ਭਾਰੂ ਰਹੀ ਹੈ ਅਤੇ ਸਾਰੇ ਆਪਸੀ ਰਿਸ਼ਤੇ ਇਸੇ ਕੇਂਦਰ ਬਿੰਦੂ ਦੁਆਲੇ ਬਣੇ ਦਾਇਰੇ ਵਿਚ ਘੁੰਮਦੇ ਹਨ। ਨਿਰਸੰਦੇਹ ਅਜਿਹੇ ਮੰਦਭਾਗੇ ਹਾਲਾਤ ਭਰਾਵਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿੰਦੇ ਹਨ, ਪਰ ਦਿਲੋਂ ਉਹ ਇਕ ਦੂਜੇ ਦੀ ਸੁੱਖ ਮੰਗਦੇ ਹਨ, ਕਿਉਂਕਿ ਉਨ੍ਹਾਂ ਦੀਆਂ ਰਗਾਂ ਵਿਚ ਦੌੜ ਰਿਹਾ ਸਾਂਝਾ ਖ਼ੂਨ ਸਮੇਂ–ਸਮੇਂ ਸਿਰ ਉਛਾਲਾ ਮਾਰਦਾ ਰਹਿੰਦਾ ਹੈ। ਇਸ ਤੱਥ ਦੀ ਪੁਸ਼ਟੀ ਲਈ ਇਕ ਮਿਸਾਲ ਪੇਸ਼ ਹੈ: ਮਹਾਂਭਾਰਤ ਯੁੱਧ ਵਿਚ ਭਾਗ ਲੈਣ ਵਾਲੇ ਦੋਵੇਂ ਪਾਸਿਆਂ ਦੇ ਬਹੁਤੇ ਯੋਧੇ, ਕਿਉਂਕਿ ਇਕ ਦੂਜੇ ਨਾਲ ਖ਼ੂਨ ਜਾਂ ਵਿਆਹ ਬੰਧਨ ਵਿਚ ਬੱਝੇ ਰਿਸ਼ਤੇ ਨਾਲ ਜੁੜੇ ਹੋਏ ਸਨ, ਇਸ ਲਈ ਹਰ ਸ਼ਾਮ ਨੂੰ, ਜੰਗ ਬੰਦ ਹੋਣ ’ਤੇ ਦੋਵੇਂ ਪਾਸਿਆਂ ਦੇ ਯੋਧੇ, ਆਪਣੇ ਸਾਕ ਸਬੰਧੀਆਂ ਦੀ ਸੁੱਖ ਮੰਗਦੇ ਹੋਏ ਉਨ੍ਹਾਂ ਦੀ ਭਾਲ ਕਰਦੇ ਸਨ। ਐਵੇਂ ਤਾਂ ਨਹੀਂ ਕਹਿੰਦੇ, ‘ਆਖ਼ਰ ਨੂੰ ਤਾਂ ਗਲ ਨੂੰ ਆਵਣ, ਆਪਣੀਆਂ ਭੱਜੀਆਂ ਬਾਹਵਾਂ।’

ਸੋ, ਭਰਾਵਾਂ ਦੇ ਰਿਸ਼ਤੇ ਵਿਚਲੀ ਵੈਰ ਭਾਵਨਾ ਅਤੇ ਨਾ ਮਿਲਵਰਤਣ ਵਾਲਾ ਰਵੱਈਆ, ਆਮ ਤੌਰ ’ਤੇ ਪਾਣੀ ’ਤੇ ਲਕੀਰ ਵਾਂਗ ਅਸਥਾਈ ਹੁੰਦਾ ਹੈ। ਵਾਰਿਸ ਸ਼ਾਹ ਨੇ ਵੀ ਇਹੋ ਨਿਚੋੜ ਕੱਢਿਆ ਹੈ ਕਿ ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ, ਅਤੇ ਭਾਈਆਂ ਬਾਝ ਬਹਾਰ ਨਾਹੀ।

# ਕਿਹੜੀ ਐਂ ਤੂੰ ਸਾਗ ਤੋੜਦੀ . . .

ਰੋਜ਼ੀ ਸਿੰਘ

ਸਿਆਲ ਗੁਲਾਬੀ ਸੁਪਨਿਆਂ, ਮਹਿਕਦੀਆਂ ਫਿਜ਼ਾਵਾਂ, ਸਿਹਤਮੰਦ ਮੌਸਮ ਤੇ ਸਵਾਦੀ ਪਕਵਾਨਾਂ ਦੇ ਨਜ਼ਾਰੇ ਲੈਣ ਦੀ ਰੁੱਤ ਏ। ਸਿਆਲਾਂ 'ਚ ਸਭ ਤਾਜ਼ਾ-ਤਾਜ਼ਾ ਲੱਗਦਾ ਏ, ਸਾਰੇ ਪਾਸੇ ਖੁਸ਼ਬੂਆਂ ਫੈਲੀਆਂ ਹੁੰਦੀਆਂ ਨੇ। ਨਵੰਬਰ 'ਚ ਥੋੜ੍ਹੀ-ਥੋੜ੍ਹੀ ਠੰਡ ਸ਼ੁਰੂ ਹੋ ਜਾਂਦੀ ਏ ਪਰ ਮੱਘਰ ਚੜ੍ਹਦਿਆਂ ਹੀ ਇਹ ਆਪਣੀ ਆਮਦ ਦਾ ਚੋਖ਼ਾ ਅਹਿਸਾਸ ਕਰਵਾ ਦਿੰਦੀ ਹੈ।

ਇਹ ਅਜਿਹੀ ਰੁੱਤ ਹੈ ਜਦੋਂ ਕੋਈ ਵੀ ਖਾਣ ਵਾਲੀ ਸ਼ੈਅ, ਦੁੱਧ ਆਦਿ ਬਿਨ੍ਹਾਂ ਫਰਿਜ਼ 'ਚ ਰੱਖਿਆਂ ਕਈ ਦਿਨ ਖਰਾਬ ਨਹੀਂ ਹੁੰਦਾ। ਓਦਾਂ ਤੇ ਇਸ ਰੁੱਤੇ ਹਰ ਤਰ੍ਹਾਂ ਦੀਆਂ ਸਬਜ਼ੀਆਂ ਪਿੰਡਾਂ ਦੀਆਂ ਹੱਟੀਆਂ ਤੇ ਸ਼ਹਿਰਾਂ ਦੇ ਬਜ਼ਾਰਾਂ 'ਚ ਮਿਲ ਜਾਂਦੀਆਂ ਹਨ ਪਰ ਸਾਗ ਸਿਆਲਾਂ ਦੀ ਰੁੱਤ ਦਾ ਮਨਪਸੰਦ ਤੇ ਹਰਮਨ ਪਿਆਰਾ ਸਾਲਣ ਏ। ਪੰਜਾਬ ਦਾ ਕੋਈ ਵਿਰਲਾ ਘਰ ਹੋਵੇਗਾ ਜਿੱਥੇ ਸਾਗ ਤੇ ਮੱਕੀ ਦੀ ਰੋਟੀ ਨਾ ਬਣਦੀ ਹੋਵੇ। ਓਦਾਂ ਤਾਂ ਅੱਜਕੱਲ ਰੈਸਤਰਾਂ, ਹੋਟਲਾਂ ਢਾਬਿਆਂ 'ਤੇ ਵੀ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਮਿਲ ਜਾਂਦੇ ਹਨ ਪਰ ਜੋ ਮਜ਼ਾ ਬੇਬੇ ਦੇ ਹੱਥੀਂ ਦਾਤਰ ਨਾਲ ਚੀਰੇ, ਚੁੱਲ੍ਹੇ ਉੱਤੇ ਤੌੜੀ 'ਚ ਰਿੱਝੇ ਸਾਗ ਦਾ ਏ ਉਹ ਹੋਰ ਕਿਥੇ!

ਸਾਗ ਬਣਾਉਣਾ ਕੋਈ ਸੌਖਾ ਕੰਮ ਨਹੀਂ। ਇਸ ਵਾਸਤੇ ਕਾਫੀ ਮੁਸ਼ੱਕਤ ਕਰਨੀ ਪੈਂਦੀ ਹੈ। ਤ੍ਰੇਲ ਭਿੱਜੇ ਬਰਸੀਨ ਦੇ ਖੇਤ ਜਾਂ ਕਣਕ ਦੇ ਖੇਤਾਂ ਦੇ ਬੰਨਿਆਂ 'ਤੇ ਬੀਜੀ ਸਰ੍ਹੋਂ ਦੀਆਂ ਕੂਲੀਆਂ ਗੰਦਲਾਂ ਤੋੜਣ ਤੋਂ ਬਾਅਦ ਇਸਦੀ ਛਿਲ-ਛਲਾਈ ਕੀਤੀ ਜਾਂਦੀ ਹੈ ਤੇ ਧੋ ਕੇ ਕੁਝ ਦੇਰ ਸੁੱਕਣ ਦਿੱਤਾ ਜਾਂਦੈ। ਓਦਾਂ ਤਾਂ ਹੁਣ ਸਾਗ ਚੀਰਨ ਲਈ ਨਿੱਕੇ ਟੋਕੇ (ਮਸ਼ੀਨਾਂ) ਵੀ ਬਜ਼ਾਰੋਂ ਮਿਲ ਜਾਂਦੇ ਨੇ ਪਰ ਇਸ ਨੂੰ ਇਕ ਖਾਸ ਕਿਸਮ ਦੇ ਦਾਤਰ ਜੋ ਕਿ ਲੱਕੜ ਦੀ ਫੱਟੀ ਤੇ ਲੱਗਾ ਹੁੰਦਾ ਹੈ, ਨਾਲ ਰਵਾਇਤੀ ਢੰਗ ਨਾਲ ਬਰੀਕ ਚੀਰਿਆ ਜਾਂਦਾ ਹੈ। ਇਸ 'ਚ ਪਾਲਕ ਤੇ ਬਾਥੂ ਆਦਿ ਵੀ ਪਾ ਲਿਆ ਜਾਂਦਾ ਹੈ। ਅੱਜਕੱਲ੍ਹ ਬਾਥੂ ਘੱਟ ਹੀ ਮਿਲਦਾ ਹੈ।

ਚੀਰੇ ਹੋਏ ਸਾਗ ਨੂੰ ਤੌੜੀ ਜਾਂ ਪਤੀਲੇ 'ਚ ਪਾ ਕੇ ਪਾਥੀਆਂ ਤੇ ਲੱਕੜਾਂ ਦੀ ਅੱਗ 'ਤੇ ਰਿੱਝਣ ਲਈ ਰੱਖ ਦਿੱਤਾ ਜਾਂਦਾ ਹੈ। ਪਾਥੀਆਂ ਤੇ ਲੱਕੜ ਦੇ ਧੂੰਏਂ ਦੀ ਖਾਸ ਮਹਿਕ ਵੀ ਸਾਗ 'ਚ ਰਲ਼ਦੀ ਰਹਿੰਦੀ ਹੈ, ਜਿਸ ਨਾਲ ਇਸ ਦਾ ਸਵਾਦ ਹੋਰ ਲਾਜਵਾਬ ਹੋ ਜਾਂਦਾ ਹੈ। ਮੁਸ਼ੱਕਤ ਵਾਲਾ ਕੰਮ ਤਾਂ ਓਦੋਂ ਸ਼ੁਰੂ ਹੁੰਦੈ ਜਦੋਂ ਸਾਗ ਨੂੰ ਘੋਟਣ ਦੀ ਵਾਰੀ ਆਉਂਦੀ ਹੈ। ਰਿੱਝੇ ਸਾਗ 'ਚ ਥੋੜ੍ਹਾ-ਥੋੜ੍ਹਾ ਮੱਕੀ ਦਾ ਆਟਾ (ਆੱਲਣ) ਪਾ ਕੇ ਇਸ ਨੂੰ ਚੰਗੀ ਤਰ੍ਹਾਂ ਘੋਟਿਆ ਜਾਂਦਾ ਹੈ। ਚੰਗੇ-ਚੰਗੇ ਡੌਲਿਆਂ ਵਾਲੇ ਮੁੰਡੇ ਵੀ ਇਸ ਕੰਮ ਤੋਂ ਪਾਸਾ ਵੱਟ ਜਾਂਦੇ ਹਨ। ਮੈਨੂੰ ਕਈ ਵਾਰ ਬੇਬੇ ਨਾਲ ਮਿਲ ਕੇ ਸਾਗ ਘੋਟਣ ਦਾ ਅਨੰਦ ਪ੍ਰਾਪਤ ਹੋਇਆ ਹੈ। ਸਾਗ ਤੇ ਮੱਕੀ ਦੀ ਰੋਟੀ ਜਿੱਥੇ ਪੰਜਾਬੀ ਸੱਭਿਆਚਾਰ 'ਚ ਰਚੇ ਮਿਚੇ ਹਨ, ਉਥੇ ਹਰ ਵਰਗ ਦੇ ਲੋਕਾਂ ਦੇ ਜੀਵਨ 'ਚ ਸਰ੍ਹੋਂ ਦੇ ਸਾਗ ਦਾ ਖਾਸ ਮਹੱਤਵ ਹੈ। ਪਦਾਰਥਵਾਦੀ ਤੇ ਮਹਿੰਗਾਈ ਦੇ ਯੁੱਗ 'ਚ ਭਾਵੇਂ ਸਾਗ ਹੁਣ ਸ਼ਹਿਰਾਂ 'ਚ ਮੁੱਲ ਮਿਲਣ ਲੱਗ ਪਿਆ ਹੈ ਪਰ ਪਿੰਡਾਂ 'ਚ ਇਹ ਹਾਲੇ ਵੀ ਮੁਫ਼ਤ ਤੇ ਅਸਾਨੀ ਨਾਲ ਮਿਲ ਜਾਂਦਾ ਹੈ। ਹੁਣ ਤਾਂ ਪਿੰਡਾਂ ਵਾਲੇ ਲੋਕ ਸ਼ਹਿਰਾਂ 'ਚ ਵਸਦੇ ਆਪਣੇ ਕਰੀਬੀਆਂ ਨੂੰ ਸਾਗ ਇਕ ਸੌਗਾਤ ਵਾਂਗ ਭੇਜਣ ਲੱਗ ਪਏ ਹਨ।

ਪਹਿਲਾਂ ਪਿੰਡ ਦੀਆਂ ਤੀਵੀਆਂ ਜਿਨ੍ਹਾਂ ਦੀ ਜ਼ਮੀਨ ਨਹੀਂ ਸੀ ਹੁੰਦੀ, ਉਹ ਜ਼ਿੰਮੀਂਦਾਰਾਂ ਦੇ ਖੇਤਾਂ 'ਚੋਂ ਸਾਗ ਤੋੜ ਲਿਆ ਕਰਦੀਆਂ ਸਨ। ਕਈ ਵਾਰ ਅੜਬ ਸੁਭਾਅ ਦਾ ਬਾਬਾ ਸਾਗ ਤੋੜਦੀਆਂ ਤੀਵੀਆਂ ਨੂੰ ਤਬਕਾ ਵੀ ਮਾਰ ਦਿੰਦਾ ਸੀ ਤਾਂ ਕੋਈ ਗੁੱਸਾ ਨਹੀਂ ਸੀ ਕਰਦੀ। ਪੰਜਾਬੀ ਦਾ ਇਕ ਗੀਤ ਵੀ ਹੈ ਜਿਸ ਵਿਚ ਅਜਿਹਾ ਹੀ ਜ਼ਿਕਰ ਮਿਲਦਾ ਹੈ:

**''ਕਿਹੜੀ ਐਂ ਤੂੰ ਸਾਗ ਤੋੜਦੀ ਹੱਥ ਸੋਚ ਕੇ ਗੰਦਲ ਨੂੰ ਪਾਵੀਂ''**

ਪੇਂਡੂ ਪਿਛੋਕੜ ਵਾਲੇ ਸ਼ਹਿਰ ਵਾਸੀ ਹਾਲੇ ਵੀ ਜਦ ਆਪਣੇ ਪਿੰਡ ਫੇਰਾ ਮਾਰਨ ਤਾਂ ਆਂਢ-ਗੁਆਂਢ ਵਾਲੇ ਝੱਟ ਮੋਟੀਆਂ ਤੇ ਕੂਲੀਆਂ ਕੂਲੀਆਂ ਗੰਦਲਾਂ ਵਾਲਾ ਸਾਗ ਤੋੜ ਕੇ ਪਰਨੇ 'ਚ ਬੰਨ੍ਹ ਕੇ ਸਕੂਟਰ-ਮੋਟਰਸਾਈਕਲ ਜਾਂ ਗੱਡੀ 'ਚ ਰੱਖ ਦਿੰਦੇ ਹਨ। ਪਰਨੇ ਬਾਰੇ ਆਖਣ 'ਤੇ ਕਹਿਣਗੇ 'ਅਗਲੀ ਵੇਰ ਆਏ ਤਾਂ ਲਈ ਆਇਓ।' ਅਜਿਹੀ ਅਪਣੱਤ ਤੋਂ ਜਾਹਿਰ ਹੋ ਜਾਂਦਾ ਹੈ ਕਿ ਬਹੁਤੇ ਪੰਜਾਬ ਵਾਸੀ ਹਾਲੇ ਵੀ ਮੋਹ ਦੇ ਰਿਸ਼ਤੇ ਨਹੀਂ ਭੁੱਲੇ। ਆਪਣੇ ਜੀਵਨ ਦੀ ਗੱਡੀ ਨੂੰ ਰੇੜ੍ਹੇ ਪਾਈ ਰੱਖਣ ਵਾਸਤੇ ਕੁਝ ਮਿਹਨਤੀ ਛੋਟੇ ਕਿਸਾਨ ਸਵੇਰੇ ਸਾਈਕਲ 'ਤੇ ਦੁੱਧ ਦੇ ਡੱਬਿਆਂ ਦੇ ਨਾਲ-ਨਾਲ ਟੋਕਰੀ ਵਿਚ ਸਰ੍ਹੋਂ ਦਾ ਸਾਗ ਵੀ ਲੈ ਆਉਂਦੇ ਨੇ ਤੇ ਸ਼ਹਿਰ/ਕਸਬਿਆਂ ਵਿਚ ਵੇਚ ਕੇ ਹੋਰ ਘਰੇਲੂ ਵਸਤਾਂ ਖਰੀਦ ਕੇ ਲੈ ਜਾਂਦੇ ਹਨ। ਨਵੰਬਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰ੍ਹੋਂ ਦੇ ਸਾਗ ਦੀ ਆਮਦ ਹੋ ਜਾਂਦੀ ਹੈ ਤੇ ਇਹ ਫਰਵਰੀ ਤੱਕ ਤੁਰਿਆ ਰਹਿੰਦਾ ਹੈ ਪਰ ਪੋਹ ਮਹੀਨੇ ਦੀ ਆਖ਼ਰੀ ਰਾਤ ਸਰ੍ਹੋਂ ਦੇ ਸਾਗ ਅਤੇ ਗੰਨੇ ਦੇ ਰਸ ਦੀ ਖੀਰ ਦਾ ਪੰਜਾਬੀ ਰਹਿਤਲ ਵਿਚ ਖਾਸ ਮਹੱਤਵ ਹੈ। ਪੋਹ ਮਹੀਨੇ ਦੇ ਆਖ਼ਰੀ ਦਿਨ ਮਤਲਬ ਮਾਘੀ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਹਰ ਘਰ 'ਚ ਗੰਨੇ ਦੇ ਰਸ ਦੀ ਖੀਰ, ਦਹੀਂ ਤੇ ਸਰ੍ਹੋਂ ਦਾ ਸਾਗ ਬਣਾਇਆ ਜਾਂਦਾ ਹੈ ਇਸ ਨੂੰ 'ਪੋਹ ਰਿੱਧੀ ਤੇ ਮਾਘ ਖਾਧੀ' ਕਿਹਾ ਜਾਂਦਾ ਹੈ।

ਸੋ ਹਾਲੇ ਸਿਆਲ ਦਾ ਅਗਾਜ ਹੈ। ਦੋਸਤੋ, ਜੇ ਕਿਧਰੇ ਤੁਹਾਡਾ ਵੀ ਜੀਅ ਕਰੇ ਤਾਂ ਪਿੰਡਾਂ ਨੂੰ ਗੇੜਾ ਮਾਰ ਆਇਓ, ਤਾਜ਼ਾ-ਤਾਜ਼ਾ ਗੁੜ, ਬੱਚਿਆਂ ਲਈ ਗੰਨੇ, ਗੋਂਗਲੂ, ਮੂਲੀਆਂ ਤੇ ਸਰ੍ਹੋਂ ਦੇ ਸਾਗ ਵਰਗੇ ਬੇਸ਼ਕੀਮਤੀ ਤੋਹਫੇ ਤੁਹਾਡੇ ਜੀਵਨ ਵਿਚ ਤਾਜ਼ਗੀ ਭਰ ਦੇਣਗੇ ਤੇ ਪਿੰਡਾਂ ਵਾਲਿਆਂ ਦਾ ਮੋਹ ਇਨ੍ਹਾਂ ਚੀਜ਼ਾਂ ਨੂੰ ਹੋਰ ਵੀ ਲਾਜਵਾਬ ਬਣਾ ਦੇਵੇਗਾ।

99889-64633

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

| | | |
|---|---|---|
| ਸਨਮ | : | ਤੇਰੇ ਸਿਰ 'ਤੇ ਸਿਆਣਪ ਦੇ ਸਿੰਗ ਕਦੋਂ ਦੇ ਉੱਗ ਪਏ ਨੇ? ਬੁਝਾਰਤਾਂ ਈ ਪਾਈ ਜਾਣੀ ਏਂ, ਕੁੱਝ ਦੱਸੇਂਗੀ ਕਿ ਨਹੀਂ? |
| ਸਿੰਮੀ | : | ਆਪੇ ਲੱਗ ਜਾਏਗਾ ਪਤਾ ਜਦੋਂ ਹੁਣ ਫ਼ੂਨ ਖੜਕਿਆ ਤਾਂ। |
| ਮਹਿੰਦਰ | : | ਯਾਰ, ਗੱਲ ਥੋੜ੍ਹੀ ਸੀਰੀਅਸ ਏ..... |
| ਸਨਮ | : | ਹੂੰ..... |
| ਮਹਿੰਦਰ | : | ਸਵੇਰ ਦਾ ਦੋ ਤਿੰਨ ਵਾਰ ਕੋਈ ਬੰਦਾ ਫ਼ੂਨ ਲਾ ਚੁੱਕੈ, ਵਾਜ ਕੁੱਝ ਡਰਾਉਣੀ ਜਿਹੀ ਏ ਉਹਦੀ। ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ। |
| ਸਨਮ | : | ਕਰ ਲਏ ਗੱਲ, ਇਹਦੇ ਵਿਚ ਡਰਨ ਵਾਲੀ ਕਿਹੜੀ ਗੱਲ ਏ? |
| ਮਹਿੰਦਰ | : | ਫ਼ੂਨ ਵਾਲੀ ਵਾਜ ਨਾਰਮਲ ਨਹੀਂ ਸੀ ਲੱਗਦੀ। ਦਾਲ 'ਚ ਕੁੱਝ ਕੁੱਝ ਕਾਲਾ ਜ਼ਰੂਰ ਜਾਪਦੈ। |
| ਸਿੰਮੀ | : | ਉਹ ਕੰਜਰੀ ਰੋਜ਼ੀ ਫ਼ੂਨ ਤੇ ਫ਼ੂਨ ਕਰਾਉਂਦੀ ਪਈ ਏ ਜਿਹਨੂੰ ਡਰਾਮਾ ਪਾਰਟੀ ਵਿਚੋਂ ਕੱਢਿਆ ਸੀ ਸੋਨੂੰ ਦੇ ਡੈਡੀ ਨੇ। |
| ਮਹਿੰਦਰ | : | ਇਕ ਦਿਨ ਰੋਜ਼ੀ ਕੁਝੰ ਬਦਿਆਂ ਨਾਲ ਅੱਡੇ ਦੇ ਨੇੜੇ ਖੜ੍ਹੀ ਸੀ, ਧੀਰਾ ਵੀ ਉਥੇ ਸੀ, ਹੱਥ ਤੇ ਹੱਥ ਮਾਰ ਕੇ ਅੱਡੀਆਂ ਚੁੱਕ ਚੁੱਕ ਗੱਲਾਂ ਕਰਦਾ ਪਿਆ ਸੀ। |
| ਸਨਮ | : | ਉਹ ਜ਼ਰੂਰ ਮੇਰੇ ਨਾਟਕ ਪ੍ਰੋਗਰਾਮਾਂ ਅੱਗੇ ਕੰਡੇ ਖਿਲਾਰਦੇ ਹੋਣਗੇ। |
| ਸਿੰਮੀ | : | ਉਹ ਕੋਈ ਨਾ ਕੋਈ ਚਾਲ ਜ਼ਰੂਰ ਚੱਲਣਗੇ। ਤੁਹਾਨੂੰ ਫਸਾਣਗੇ ਕਿਸੇ ਨਾ ਕਿਸੇ ਝੂਠੇ ਕੇਸ ਵਿਚ। |
| ਮਹਿੰਦਰ | : | ਨਾਲੇ ਧੀਰੇ ਦਾ ਕੰਮ ਕੀ ਏ – ਤੀਲੀ ਲਾਉਣੀ। ਆਪ ਸਾਰੇ ਸਾਲ ਵਿਚ ਇਕ ਪ੍ਰੋਗਰਾਮ ਕਰਵਾਉਂਦੈ, ਨੱਚਦਾ ਪੰਜਾਬ। ਛੇ ਮਹੀਨੇ ਲੋਕਾਂ ਤੋਂ ਮੋਟੀ ਉਗਰਾਹੀ ਕਰਦੈ, ਹਰਾਮੀ ਏ ਪਹਿਲੇ ਨੰਬਰ ਦਾ। ਪਰਚਾਰ ਕਰਦੈ ਮੈਂ ਗਰੀਬਾਂ, ਲੋੜਵੰਦਾਂ ਨੂੰ ਕੰਬਲ ਵੰਡ ਰਿਹਾਂ। ਸਭਾ ਬਣਾਈ ਏ ਤਿੰਨ ਬੰਦਿਆਂ ਦੀ ਤੇ ਗੱਲ ਆਪਣੀ ਚਲਾਉਂਦੈ। ਸੱਠ ਰੁਪਏ ਵਾਲੇ ਲੈ ਕੇ ਕੰਬਲ ਬਿੱਲ ਵਿਚ ਪਾਉਂਦੈ ਡੇਢ ਡੇਢ ਸੌ ਰੁਪਏ। |
| ਸਿੰਮੀ | : | ਕੁੱਤਾ ਕਿੱਡਾ ਦਾਨੀ ਸਮਝਦੈ ਆਪਣੇ ਆਪ ਨੂੰ। |
| ਸਨਮ | : | ਇਮਾਨਦਾਰੀ ਦੀ ਦੁਹਾਈ ਪਾਉਂਦਾ ਫਿਰਦੈ ਅੱਜਕਲ੍ਹ। |
| ਮਹਿੰਦਰ | : | ਬਹੁਤ ਇਮਾਨਦਾਰ ਏ! ਤਾਂਹਿਓਂ ਸਾਰਾ ਸਟੋਰ ਵੇਚ ਕੇ ਸਸਪੈਂਡ ਹੋ ਗਿਐ। ਚਾਰ ਸਾਲ ਨੌਕਰੀ ਕੀਤੀ ਏ ਸਾਰੀ, ਘਰ ਲਈ ਪਲਾਟ ਲੈ ਲਿਐ ਤੇ ਤਿੰਨ ਮੰਜ਼ਲਾਂ ਕੋਠੀ ਵੀ ਪਾ ਲਈ। ਇਹ ਸਭ ਇਮਾਨਦਾਰੀ ਦਾ ਹੀ ਪਰਤਾਪ ਏ, ਹੁਣ ਵੀ ਤਕੜੀ ਡਰਾਮੇਬਾਜ਼ੀ ਕਰਕੇ ਦੂਜੇ ਦਿਨ ਅਖ਼ਬਾਰ 'ਚ ਖ਼ਬਰ ਲਵਾ ਲੈਂਦੇ। |
| ਸਨਮ | : | ਸਸਪੈਂਡ ਹੋ ਕੇ ਜੇਲ੍ਹ ਦੀ ਹਵਾ ਵੀ ਤਾਂ ਖਾਂਦਾ ਰਿਹੈ। |
| ਸਿੰਮੀ | : | ਬਦਮਾਸ਼ਾਂ ਤੋਂ ਜੇਲਾਂ ਵੀ ਥਰ-ਥਰ ਕੰਬਦੀਆਂ ਨੇ। |
| | | (ਫ਼ੂਨ ਦੀ ਗੰਟੀ ਫਿਰ ਵੱਜਦੀ ਹੈ, ਸਿੰਮੀ ਜਲਦੀ ਨਾਲ ਰਸੀਵਰ ਚੁੱਕਦੀ ਹੈ) |
| ਸਿੰਮੀ | : | ਹੈਲੋ? |

**(ਚਲਦਾ)**

# ਪੱਛਮੀ ਦੇਸ਼ਾਂ ਦਾ ਸਭ ਤੋਂ ਵੱਡਾ ਤਿਉਹਾਰ ਕ੍ਰਿਸਮਿਸ ਡੇ

**ਭਜਨ ਸਿੰਘ ਬਾਂਹਬਾ**



ਕ੍ਰਿਸਮਿਸ ਈਸਾ ਮਸੀਹ ਦੇ ਜਨਮ ਦਿਨ ਦੀ ਖੁਸ਼ੀ ਵਿਚ 25 ਦਸੰਬਰ ਨੂੰ ਵਿਸ਼ਵ ਭਰ ਵਿਚ ਮਨਾਇਆ ਜਾਣ ਵਾਲਾ ਬਹੁਤ ਵੱਡਾ ਤਿਉਹਾਰ ਹੈ। ਇਸ ਦਿਨ ਸਾਰੇ ਵਿਸ਼ਵ ਭਰ ਵਿਚ ਛੁੱਟੀ ਹੁੰਦੀ ਹੈ।

ਈਸਾ ਮਸੀਹ ਇਕ ਮਹਾਨ ਵਿਅਕਤੀ ਸਨ ਅਤੇ ਉਨ੍ਹਾਂ ਨੇ ਸਮਾਜ ਨੂੰ ਪਿਆਰ ਅਤੇ ਇਨਸਾਨੀਅਤ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਦੁਨੀਆਂ ਦੇ ਲੋਕਾਂ ਨੂੰ ਪ੍ਰੇਮ ਅਤੇ ਭਾਈਚਾਰੇ ਦੇ ਨਾਲ ਰਹਿਣ ਦਾ ਸੰਦੇਸ਼ ਦਿੱਤਾ। ਇਨ੍ਹਾਂ ਨੂੰ ਈਸਾਈ ਧਰਮ ਵਿਚ ਈਸ਼ਵਰ ਦਾ ਇਕਲੌਤਾ ਪੁੱਤਰ ਮੰਨਿਆ ਜਾਂਦਾ ਹੈ। ਉਸ ਸਮੇਂ ਦੇ ਸ਼ਾਸਕਾਂ ਨੂੰ ਈਸਾ ਮਸੀਹ ਦਾ ਸੰਦੇਸ਼ ਪਸੰਦ ਨਹੀਂ ਸੀ। ਉਨ੍ਹਾਂ ਨੇ ਈਸਾ ਮਸੀਹ ਨੂੰ ਸੂਲੀ ਉੱਤੇ ਲਟਕਾ ਦਿੱਤਾ ਸੀ। ਪਰ ਇਸ ਤਰ੍ਹਾਂ ਦੀ ਮਾਨਤਾ ਹੈ ਕਿ ਉਹ ਫਿਰ ਜਿੰਦਾ ਹੋ ਗਏ ਸਨ।

ਕ੍ਰਿਸਮਿਸ ਦਾ ਤਿਉਹਾਰ ਪੱਛਮੀ ਦੇਸ਼ਾਂ ਵਿਚ ਈਸਾਈ ਭਾਈਚਾਰੇ ਵੱਲੋਂ ਹੀ ਨਹੀਂ ਬਲਕਿ ਵੱਖ-ਵੱਖ ਲੋਕਾਂ ਵੱਲੋਂ ਵੀ ਬਹੁਤ ਚਾਵਾਂ ਨਾਲ ਮਨਾਇਆ ਜਾਂਦਾ ਹੈ। ਦਸੰਬਰ ਮਹੀਨਾ ਸ਼ੁਰੂ ਹੁੰਦੇ ਸਾਰ ਹੀ ਲੋਕੀਂ ਘਰ, ਸ਼ੋਰੂਮ, ਪਲਾਜ਼ੇ ਆਦਿ ਦੀ ਸਜਾਵਟ ਸ਼ੁਰੂ ਕਰ ਦਿੰਦੇ ਹਨ। ਹਰ ਪਾਸੇ ਰੰਗੀਨ ਰੋਸ਼ਨੀਆਂ ਨਾਲ ਘਰ ਅਤੇ ਬਾਜ਼ਾਰ ਜਗਮਗਾ ਰਹੇ ਹੁੰਦੇ ਹਨ। ਇਹਨਾਂ ਦੇਸ਼ਾਂ ਵਿਚ ਕ੍ਰਿਸਮਿਸ ਦੇ ਤਿਉਹਾਰ ਦੀ ਖੁਸ਼ੀ ਕਾਰਨ ਸਾਰੇ ਦਸੰਬਰ ਮਹੀਨੇ ਵਿਚ ਬਹੁਤ ਵੱਡੀਆਂ-ਵੱਡੀਆਂ ਸੇਲਾਂ ਵੀ ਲਗਾਈਆਂ ਜਾਂਦੀਆਂ ਹਨ।

ਇਸ ਦਿਨ ਚਰਚ ਵਿਚ ਵਿਸ਼ੇਸ਼ ਪ੍ਰਾਥਨਾਵਾਂ ਹੁੰਦੀਆਂ ਹਨ। ਲੋਕ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਮਿਲਣ ਉਨ੍ਹਾਂ ਦੇ ਘਰ ਜਾਂਦੇ ਹਨ ਅਤੇ ਇਕ ਦੂਜੇ ਨੂੰ ਉਪਹਾਰ ਦਿੰਦੇ ਹਨ। ਇਸ ਦਿਨ ਘਰਾਂ ਵਿਚ ਕ੍ਰਿਸਮਿਸ ਟਰੀ (ਰੁੱਖ) ਲਗਾਇਆ ਜਾਂਦਾ ਹੈ। ਕਈ ਥਾਵਾਂ ਉੱਤੇ ਈਸਾ ਮਸੀਹ ਦੀ ਜਨਮ ਗਾਥਾ ਨੂੰ ਨਾਟਕ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ ਅਤੇ ਪ੍ਰਭੂ ਈਸਾ ਮਸੂਹ ਦੇ ਗੀਤਾਂ ਦੀ ਅੰਤਰਾਕਸ਼ੀ ਵੀ ਖੇਡੀ ਜਾਂਦੀ ਹੈ।

ਕ੍ਰਿਸਮਿਸ ਦੇ ਤਿਉਹਾਰ ਦੇ ਨਾਲ ਸਾਂਤਾਕਲਾਜ (ਜਿਸ ਨੂੰ ਕ੍ਰਿਸਮਿਸ ਦਾ ਪਿਤਾ ਵੀ ਕਿਹਾ ਜਾਂਦਾ ਹੈ) ਵੀ ਇਕ ਬਹੁਤ ਹੀ ਲੋਕਪ੍ਰਿਯ, ਪੁਰਾਣੀ ਪਰੰਤੂ ਕਾਲਪਨਿਕ ਸਖ਼ਸ਼ੀਅਤ ਹੈ। ਜਿਸ ਨੂੰ ਅਕਸਰ ਕ੍ਰਿਸਮਿਸ ਵਾਲੇ ਦਿਨ ਬੱਚਿਆਂ ਲਈ ਤੋਹਫੇ ਲੈ ਕੇ ਆਉਣ ਨਾਲ ਜੋੜਿਆ ਜਾਂਦਾ ਹੈ। ਇਸ ਦਿਨ ਛੋਟੇ ਬੱਚਿਆਂ ਦੀ ਸ਼ਾਤਾਂਕਲਾਜ ਨਾਲ ਫੋਟੋ ਖਿਚਵਾਈਆਂ ਜਾਂਦੀਆਂ ਹਨ ਅਤੇ ਸਵੇਰ ਸਮੇਂ ਬੱਚਿਆਂ ਨੂੰ ਗਿਫ਼ਟ ਜੋ ਕਿ ਅਸਲ ਵਿਚ ਮਾਂ ਬਾਪ ਵੱਲੋਂ ਦਿੱਤੇ ਜਾਂਦੇ ਹਨ ਦੱਸਿਆ ਜਾਂਦਾ ਹੈ ਕਿ ਸਾਂਤਾ ਇਹ ਗਿਫ਼ਟ ਦੇ ਕੇ ਗਿਆ ਹੈ।



ਪੱਛਮੀ ਦੇਸ਼ਾਂ ਵਿਚ ਕ੍ਰਿਸਮਿਸ ਤੋਂ ਅਗਲੇ ਦਿਨ 26 ਦਸੰਬਰ ਮਨਾਇਆ ਜਾਣ ਵਾਲਾ ਪ੍ਰਸਿੱਧ ਦਿਨ ਬਾਕਸਿੰਗ ਡੇਅ ਹੁੰਦਾ ਹੈ। ਕੁਝ ਕੈਥੋਲਿਕ ਦੇਸ਼ਾਂ ਵਿਚ ਇਸ ਨੂੰ ਸੇਂਟ ਸਟੀਫੇਂਸ ਡੇਅ ਜਾਂ ਫੀਸਟ ਆਫ਼ ਸੇਂਟ ਸਟੀਫੇਂਸ ਵੀ ਕਹਿੰਦੇ ਹਨ। ਇਸ ਤਰ੍ਹਾਂ ਇਹ ਤਿਉਹਾਰ ਸਾਰੇ ਸੰਸਾਰ ਵਿਚ ਬਹੁਤ ਹੀ ਹਰਸ਼ੋ ਉਲਾਸ ਨਾਲ ਮਨਾਇਆ ਜਾਂਦਾ ਹੈ।

# ਚੰਗੀ ਸਿਹਤ ਲਈ ਗ੍ਰੀਨ ਟੀ ਪੀਓ



**ਗ੍ਰੀਨ ਟੀ 'ਤੇ ਹੋਈਆਂ ਵਿਗਿਆਨਕ ਖੋਜਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਸਿਰਦਰਦ, ਤਣਾਅ, ਅਲਜਾਈਮਰਸ ਅਤੇ ਐਸੀਡਿਟੀ ਲਈ ਇਕ ਸ਼ਾਨਦਾਰ ਔਸ਼ਧੀ ਦੇ ਤੌਰ 'ਤੇ ਕੰਮ ਕਰਦੀ ਹੈ। ਇਕ ਚੀਨੀ ਕਹਾਵਤ ਅਨੁਸਾਰ, ''ਚਾਹ ਤੋਂ ਬਿਨਾਂ ਇਕ ਦਿਨ ਰਹਿਣ ਨਾਲੋਂ ਚੰਗਾ ਹੈ ਕਿ ਤਿੰਨ ਦਿਨਾਂ ਤਕ ਭੋਜਨ ਦੇ ਬਗੈਰ ਰਿਹਾ ਜਾਏ।''**

**ਗ੍ਰੀਨ ਟੀ ਤਿਆਰ ਕਰਨ ਦਾ ਤਰੀਕਾ** - ਇਕ ਕੱਪ ਗ੍ਰੀਨ ਟੀ ਬਣਾਉਣ ਲਈ ਟੀ ਦੀ ਇਕ ਥੈਲੀ ਜਾਂ ਅੱਧਾ ਚੱਮਚ ਗ੍ਰੀਨ ਟੀ ਦੀ ਪੱਤੀ ਲਓ। ਕੇਤਲੀ 'ਚ ਪਾਣੀ ਉਬਾਲ ਲਓ। ਸਟੋਵ ਜਾਂ ਗੈਸੀ ਚੁੱਲ੍ਹੇ ਨੂੰ ਬੰਦ ਕਰੋ ਅਤੇ ਤਿੰਨ ਮਿੰਟ ਤਕ ਉਡੀਕ ਕਰੋ, ਫਿਰ ਇਸ ਉਬਲੇ ਪਾਣੀ ਨੂੰ ਟੀ ਬੈਗ ਜਾਂ ਗ੍ਰੀਨ ਟੀ ਦੀ ਪੱਤੀ 'ਤੇ ਪਾਓ। ਤਿੰਨ ਮਿੰਟ ਤਕ ਉਡੀਕ ਕਰੋ। ਹੁਣ ਟੀ ਬੈਗ ਹਟਾ ਲਓ। ਫਿਰ ਤਿੰਨ ਮਿੰਟ ਉਡੀਕ ਕਰੋ ਅਤੇ ਫਿਰ ਇਸ ਚਾਹ ਨੂੰ ਪੀ ਕੇ ਇਸ ਦਾ ਤਾਜ਼ਗੀ ਭਰਿਆ ਸਵਾਦ ਲਓ। ਗ੍ਰੀਨ ਟੀ ਨੂੰ ਬਣਾਉਣ ਦੀ ਇਹ ਤਕਨੀਕ ਇਸ ਨੂੰ ਵਧੇਰੇ ਪੱਕੇ ਸਵਾਦ ਵਾਲੀ ਬਣਨ ਤੋਂ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਅਪਨਾਉਣਾ ਚਾਹੀਦੈ, ਨਹੀਂ ਤਾਂ ਇਸ ਦੇ ਲਾਭਦਾਇਕ ਪੋਲੀਫਿਨੋਲਸ ਕੌੜੇ ਸਵਾਦ 'ਚ ਬਦਲ ਜਾਣਗੇ।

**ਗ੍ਰੀਨ ਟੀ ਦੇ ਲਾਭ - ਦੰਦਾਂ ਦੀ ਰੱਖਿਆ 'ਚ ਸਹਾਇਕ** : ਗ੍ਰੀਨ ਟੀ ਪਲਾਕ 'ਚ ਮੌਜੂਦ ਨੁਕਸਾਨਦਾਇਕ ਬੈਕਟੀਰੀਆ ਨੂੰ ਨਸ਼ਟ ਕਰਕੇ ਦੰਦਾਂ ਦੀ ਰੱਖਿਆ ਕਰਦੀ ਹੈ। ਗ੍ਰੀਨ ਟੀ 'ਚ ਮੌਜੂਦ ਫਲੋਰੀਨ ਦੰਦਾਂ 'ਚ ਖੋੜਾਂ (ਕੈਵੀਟੀਜ਼) ਦੇ ਬਣਨ ਨੂੰ ਰੋਕਦਾ ਹੈ।

**ਆਰਥਰਾਇਟਿਸ 'ਚ** : ਜੋ ਲੋਕ ਚਾਰ ਜਾਂ ਪੰਜ ਕੱਪ ਗ੍ਰੀਨ ਟੀ ਦਾ ਸੇਵਨ ਕਰਦੇ ਹਨ, ਉਹ ਰੂਮੇਟਾਈਡ ਆਰਥਰਾਇਟਿਸ 'ਤੇ ਕੰਟਰੋਲ ਕਰ ਸਕਦੇ ਹਨ।

**ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ** : ਕੁਝ ਲੋਕਾਂ ਨੂੰ ਘੱਟ ਕੈਲੋਰੀ ਵਾਲੀ ਡਾਇਟ ਕਾਰਨ ਸਟੈਮਿਨਾ ਦੀ ਕਮੀ ਹੁੰਦੀ ਹੈ, ਗ੍ਰੀਨ ਟੀ 'ਚ ਮੌਜੂਦ ਗੁਰਾਨਾ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ ਸਹਾਇਕ ਹੁੰਦਾ ਹੈ।

**ਗੁਰਦੇ ਦੀਆਂ ਇਨਫੈਕਸ਼ਨਾਂ ਤੋਂ ਸੁਰੱਖਿਆ 'ਚ** : ਗ੍ਰੀਨ ਟੀ ਦੀ ਰੁਟੀਨ ਖਪਤ ਨਾਲ ਗੁਰਦਿਆਂ ਦੀ ਇਨਫੈਕਸ਼ਨ ਦੇ ਮੌਕੇ ਘਟਦੇ ਹਨ।

**ਦਿਮਾਗ ਦੀ ਪਰਫਾਰਮੈਂਸ 'ਚ ਸੁਧਾਰ ਲਈ** : ਗ੍ਰੀਨ ਟੀ 'ਚ ਵੱਖ-ਵੱਖ ਕਿਸਮ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਲਟੀਪਲ ਸਕਲੀਰੋਸਿਸ ਵਰਗੀਆਂ ਦਿਮਾਗੀ ਬੀਮਾਰੀਆਂ ਨਾਲ ਲੜਨ 'ਚ ਸਹਾਇਕ ਹੁੰਦੇ ਹਨ। ਇਹ ਦਿਮਾਗ ਦੀ ਕਾਰਜ ਪ੍ਰਣਾਲੀ ਨੂੰ ਵੀ ਵਧਾਉਂਦੇ ਹਨ।

**ਪਾਚਨ ਅਤੇ ਭੁੱਖ 'ਚ** : ਗ੍ਰੀਨ ਟੀ ਪਾਚਨ ਕਿਰਿਆ 'ਚ ਸਹਾਇਕ ਹੁੰਦੀ ਹੈ ਅਤੇ ਭੁੱਖ ਨੂੰ ਵਧਾਉਂਦੀ ਹੈ।

**ਦਿਲ ਦੀ ਰੱਖਿਆ 'ਚ** : ਗ੍ਰੀਨ ਟੀ ਐੱਲ.ਡੀ.ਐੱਲ. ਕੋਲੈਸਟ੍ਰਾਲ ਦੇ ਆਕਸੀਡੇਸ਼ਨ ਨੂੰ ਰੋਕਦੀ ਹੈ। ਇਸ ਤਰ੍ਹਾਂ ਧਮਨੀਆਂ 'ਚ ਪਲਾਕ ਦੇ ਘੱਟ ਹੋਣ ਨਾਲ ਦਿਲ ਸੰਬੰਧੀ ਰੋਗਾਂ ਦਾ ਖਤਰਾ ਘੱਟ ਹੁੰਦਾ ਹੈ। ਇਹ ਸਭ ਐਪੀਗੈਲੋਕੈਟੇਚਿਨ ਗੈਲੇਟ ਕਾਰਨ ਹੁੰਦਾ ਹੈ। ਜਾਪਾਨੀ ਲੋਕ ਜਿੰਨੀ ਮਰਜ਼ੀ ਸਿਗਰਟਨੋਸ਼ੀ ਕਰ ਲੈਣ, ਉਨ੍ਹਾਂ ਨੂੰ ਦਿਲ ਸੰਬੰਧੀ ਰੋਗ ਨਹੀਂ ਹੁੰਦਾ ਕਿਉਂਕਿ ਉਹ ਗ੍ਰੀਨ ਟੀ ਦਾ ਲਗਾਤਾਰ ਸੇਵਨ ਕਰਦੇ ਹਨ।

**ਚਮੜੀ ਦੀ ਰੱਖਿਆ 'ਚ** : ਖੋਜਾਂ ਤੋਂ ਪਤਾ ਲੱਗੈ ਕਿ ਗਰਮ ਪਾਣੀ 'ਚ ਮਿਲਾਏ ਗਏ ਗ੍ਰੀਨ ਟੀ ਦੇ ਤੱਤ ਚਮੜੀ 'ਤੇ ਬਾਹਰੀ ਤੌਰ 'ਤੇ ਲਗਾਉਣ ਨਾਲ ਰੇਡੀਏਸ਼ਨ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਰੇਡੀਏਸ਼ਨ ਤੋਂ ਅਸਰਦਾਰ ਰੱਖਿਆ ਲਈ ਉਸ ਨੂੰ ਰੋਜ਼ਾਨਾ ਤਿੰਨ ਵਾਰ ਲਗਾਉਣਾ ਚਾਹੀਦੈ।

**ਅਤੀਤ 'ਚ ਇਹ ਹਰਬਲ ਪਦਾਰਥ ਆਪਣੇ ਇਲਾਜ ਦੇ ਗੁਣਾਂ ਕਾਰਨ ਵਰਤਿਆ ਜਾਂਦਾ ਸੀ ਪਰ ਜਦੋਂ ਤੋਂ ਇਸ ਦੇ ਹੋਰ ਲਾਭ ਸਾਹਮਣੇ ਆਏ ਹਨ, ਇਹ ਇਕ ਆਲ ਰਾਊਂਡ ਔਸ਼ਧੀ ਬਣ ਚੁੱਕੀ ਹੈ। ਇਸ ਲਈ ਇਸ ਨੂੰ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਸ਼ਾਮਲ ਕਰਕੇ ਨਾ ਸਿਰਫ ਫੈਟ ਭਾਵ ਮੋਟਾਪਾ ਘੱਟ ਹੁੰਦਾ ਹੈ, ਸਗੋਂ ਨਾਲ ਹੀ ਇਹ ਤੁਹਾਡੇ ਸਰੀਰ ਨੂੰ ਸਾਫ ਕਰਕੇ ਵੱਖ-ਵੱਖ ਰੋਗਾਂ ਤੋਂ ਤੁਹਾਡੀ ਰੱਖਿਆ ਕਰਦੀ ਹੈ।**

# ਕਾਵਿ-ਕਿਆਰੀ

## ਕਵਿਤਾ / ਤੇਰੀ ਯਾਦ 'ਚ ਲੋਕਾਂ

**ਸੁਰਿੰਦਰ ਮਕਸੂਦਪੁਰੀ**



ਤੇਰੀ ਯਾਦ 'ਚ ਲੋਕਾਂ ਅੱਜ
ਕਈ ਢੌਂਗ ਰਚਾ ਲਏ ਨਾਨਕਾ
ਤੇਰੀ ਸਿੱਖਿਆ ਭੁੱਲ-ਭੁਲਾ ਕੇ
ਮਨਮਤੀਏ ਗੁਰੂ ਬਣਾ ਲਏ ਨਾਨਕਾ।

ਹੁਣ ਤੇਰੇ ਸੱਚੇ ਸੌਦੇ ਵਾਲੀ ਹੱਟ 'ਤੇ
ਕੱਚ-ਕੂੜ ਦਾ ਸੌਦਾ ਵਿਕ ਰਿਹੈ
ਭਾਈ ਲਾਲੋ ਦੇ ਭਗਵੇਂ ਭੇਸ ਵਿੱਚ
ਮਲਿਕ ਭਾਗੋ ਹੀ ਦਿਸ ਰਿਹੈ
ਚਾੜ੍ਹ ਕੇ ਝੂਠ ਦਾ ਮੁਲੰਮਾ ਤੇਰੀ ਹੱਟ 'ਤੇ
ਇਨ੍ਹਾਂ ਆਪਣੇ ਨਾਮ ਸਜਾ ਲਏ ਨਾਨਕਾ
ਤੇਰੀ ਯਾਦ 'ਚ ਲੋਕਾਂ ਅੱਜ
ਕਈ ਢੌਂਗ ਰਚਾ ਲਏ ਨਾਨਕਾ.....

ਘੋਰ ਪਾਪ ਦਾ ਬੇੜਾ ਭਰ ਖਲੋਇਆ
ਹਰ ਬਸ਼ਰ-ਬਸ਼ਿੰਦਾ ਭੁੱਬੀਂ ਰੋਇਆ
ਸੁਣ ਪੁਕਾਰ, ਆ ਮੇਰੇ ਦਾਤਾਰ
ਅੱਜ ਸੱਜਣ ਠੱਗਾਂ, ਕੌਡੇ ਰਾਖਸ਼ਾਂ ਨੇ
ਭਾਈ ਲਾਲੋਆਂ ਦੀ ਸੱਚੀ ਕਿਰਤ 'ਤੇ
ਝੂਠੇ ਅਧਿਕਾਰ ਜਮਾ ਲਏ ਨਾਨਕਾ
ਤੇਰੀ ਯਾਦ 'ਚ ਲੋਕਾਂ ਅੱਜ
ਕਈ ਢੌਂਗ ਰਚਾ ਲਏ ਨਾਨਕਾ.....

ਬਾਬਾ ਫੜ ਕੇ ਸੱਚ ਦੀ ਤੱਕੜੀ
ਤੇਰੇ ਹੱਥ ਸਨ ਸੱਚਾ ਸੌਦਾ ਤੋਲਦੇ
ਮੁੱਲ ਪਾਉਂਦੇ ਸੱਚੀ-ਸੁੱਚੀ ਕਿਰਤ ਦਾ
ਮੁੱਖੋਂ 'ਸਤਿਨਾਮ ਵਾਹਿਗੁਰੂ' ਬੋਲਦੇ
ਅੱਜ ਦੇ ਮਲਿਕ ਭਾਗੋਆਂ ਤੇਰਾ-ਤੇਰਾ ਨਹੀਂ
ਮੇਰਾ-ਮੇਰਾ ਕਰਕੇ ਡੇਰੇ ਲਾ ਲਏ ਨਾਨਕਾ
ਤੇਰੀ ਯਾਦ 'ਚ ਲੋਕਾਂ ਅੱਜ
ਕਈ ਢੌਂਗ ਰਚਾ ਲਏ ਨਾਨਕਾ.....

ਅੱਜ ਰਾਗ ਰਬਾਬ ਦੇ ਉਡੀਕਦੇ
ਤੇਰੇ ਸੁਗਮ ਸੁਰੀਲੇ ਸ਼ਬਦਾਂ ਦੀ ਆਹਟ
ਨਾ ਤੂੰ ਆਇਆ, ਨਾ ਮਰਦਾਨਾ ਹੀ
'ਮਕਸੂਦਪੁਰੀ' ਲੈ ਕੇ ਨਵੀਂ ਸੁਰ-ਸੁਗਾਤ
ਤੇਰੇ ਰੱਬੀ ਰਾਗ, ਤੇਰੇ ਵਾਰਿਸਾਂ
ਅੱਜ ਵਪਾਰ ਬਣਾ ਲਏ ਨਾਨਕਾ
ਤੇਰੀ ਯਾਦ 'ਚ ਲੋਕਾਂ ਅੱਜ
ਕਈ ਢੌਂਗ ਰਚਾ ਲਏ ਨਾਨਕਾ.....


-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

*****

## ਕਵਿਤਾ/ ਛਾ ਗਈ ਘਰ ਵੈਰਾਨੀ

**(ਸੁਖਵਿੰਦਰ ਸੋਢੀ ਦੇ ਨਾਂ)**

**ਰਤਨ ਟਾਹਲਵੀ**



ਚੱਲ ਟਾਹਲਵੀ ਉੱਥੇ ਚੱਲੀਏ, ਜਿੱਥੇ ਗਿਆ ਦਿਲਜਾਨੀਂ।
ਏਥੇ ਤਾਂ ਹੁਣ ਮੌਤ ਬਸੇਰਾ, ਉਥੇ ਉਮਰ ਜਵਾਨੀ।
ਨਿਰੀ ਦੀਵਾਨੀ

ਇਕ ਜਵਾਨੀ ਹੁੰਦੀ ਸੀ, ਵਿਹੜੇ ਮੇਰੇ ਦੀ ਰੌਣਕ,
ਗੋਰੀ ਧਰਤੀ 'ਤੇ ਜਦ ਪਹੁੰਚੀ, ਛਾ ਗਈ ਘਰ ਵੈਰਾਨੀ।
ਹੋਈ ਹੈਰਾਨੀ।

ਏਸ ਵੈਰਾਨੀ ਵਿਚੋਂ, ਕੁਝ ਚਿਰ ਪਿੱਛੋਂ, ਉੱਗੇ ਛਿੱਲੜ ਚਾਂਦੀ ਰੰਗੇ,
ਹੌਲੀ-ਹੌਲੀ ਘਰ ਵਿਹੜੇ ਦੀ ਤੋਰ ਹੋਈ ਰਵਾਨੀ।
ਜਿੰਦ ਮਸਤਾਨੀ।

(ਇੰਜ) ਗੋਰੀ ਧਰਤੀ ਦੀ ਖੁਸ਼ਬੂ ਨੇ, ਅਰਥ ਬਦਲ ਦਿੱਤੇ ਘਰ ਦੇ,
ਜਵਾਨੀ ਹੱਥੋਂ ਭੁੱਲੇ ਮਾਂ ਪਿਓ, ਮਾਂ ਪਿਓ ਭੁੱਲੀ ਜਵਾਨੀ।
ਤੁਰੀ ਰਵਾਨੀ।

ਖੁਸ਼ੀਆਂ ਭਰੇ ਘਰ ਦੇ ਇਕ ਦਿਨ, ਅਰਥ ਬਦਲ ਗਏ ਫਿਰ ਤੋਂ,
ਭੈਣ ਭਰਾ ਮਾਂ ਪਿਓ ਡੁੱਬੇ, ਡੁੱਬੇ ਗ਼ਮ 'ਚ ਜਾਨੀ।
ਹੋ ਗਈ ਹਾਨੀ।

ਸ਼ਾਇਦ ਹੀ ਕੋਈ ਅੱਖ ਹੋਵੇਗੀ, ਜਿਹੜੀ ਨਮ ਨਾ ਹੋਈ,

ਜੋ ਵੀ ਨਿਕਲਿਆ ਸਭ ਦੀ ਅੱਖ 'ਚੋਂ, ਹਰ ਅੱਥਰੂ ਲਾਸਾਨੀ।
ਫਿਰੀ ਸ਼ੈਤਾਨੀ

ਗੋਰੀ ਧਰਤੀ 'ਤੇ ਇਕ ਸੋਢੀ ਗੋਰੀ ਮਿੱਟੀ ਨੇ ਖਾਧਾ,
ਯਾਦ ਰਹੇਗਾ ਰਤਨ ਸਦਾ ਹੀ, ਦਿਲ ਉਹਦਾ ਇਨਸਾਨੀ।
ਹਿੰਦੁਸਤਾਨੀ

* * * * *

## ਕਵਿਤਾ/ਸੇਜ



ਜ਼ਿੰਦਗੀ ਸੇਜ ਹੈ ਕੰਢਿਆਂ ਦੀ,
ਇਹ ਕੰਢੇ ਫੁੱਲ ਬਣਾਉਣਾ ਸਿੱਖ ਲੈ,
ਜਿਹੜੇ ਨਫ਼ਰਤ ਕਰਦੇ ਤੈਨੂੰ,
ਉਹ ਪਲਕਾਂ ਉੱਤੇ ਬਿਠਾਉਣਾ ਸਿੱਖ ਲੈ।

ਜੋ ਚਾਹੇ ਹਨੇਰਾ ਤੇਰੇ ਘਰ ਕਰਣਾ,
ਤੂੰ ਉਹਦਾ ਘਰ ਰੁਸ਼ਨਾਉਣਾ ਸਿੱਖ ਲੈ,
ਗ਼ਮਾਂ ਦੇ ਸਾਗਰ ਡੁੱਬ ਕੇ ਵੀ ਤੂੰ,
ਗੀਤ ਖੁਸ਼ੀ ਦੇ ਗਾਉਣਾ ਸਿੱਖ ਲੈ।

ਯਾਰ ਜੇ ਕਿਧਰੇ ਰੁਸ ਜੇ ਤੇਰਾ,
ਬੁੱਲੇ ਵਾਂਗਰ ਨੱਚ ਮਨਾਉਣਾ ਸਿੱਖ ਲੈ।
ਲੱਖ ਤੋੜੇ ਤੇਰਾ ਸੱਜਣ ਵਾਅਦੇ,
ਤੂੰ ਕੀਤਾ ਕੌਲ ਨਿਭਾਉਣਾ ਸਿੱਖ ਲੈ।

ਜੜ ਤੇਰੀ ਨੂੰ ਜ਼ਹਿਰ ਜੋ ਚਾੜ੍ਹੇ ,
ਅੰਮ੍ਰਿਤ ਉਹਨੂੰ ਪਿਲਾਉਣਾ ਸਿੱਖ ਲੈ।
ਡੋਰੀ ਰੱਖ ਕੇ ਸੱਚੇ ਰੱਬ ਤੇ,
ਸਭ ਨੂੰ ਸੀਨੇ ਲਾਉਣਾ ਸਿੱਖ ਲੈ।

ਦੁੱਖ ਸੁੱਖ ਨੇ ਸਭ ਉਸ ਦੇ ਹੱਥ ਵਿੱਚ,
ਤੂੰ ਮਨ ਨੂੰ ਇਹ ਸਮਝਾਉਣਾ ਸਿੱਖ ਲੈ,
'ਸੁਖਵਿੰਦਰ' ਬਣ ਕੇ ਪੈਰ ਦੀ ਦੱਭ ਤੂੰ,
ਬਸ ਉਹਦੀ ਰਜਾ 'ਚ ਰਹਿਣਾ ਸਿੱਖ ਲੈ।

**ਸੁਖਵਿੰਦਰ ਸਿੰਘ ਘੋਤਰਾ**
**ਇੰਸਪੈਕਟਰ ਸੀ ਬੀ ਆਈ ,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

ਚੜ੍ਹਨ ਵਾਲਿਓ ਹੱਕਾਂ ਦੀ ਭੇਂਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨ੍ਹਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ

**-ਸੰਤ ਰਾਮ ਉਦਾਸੀ**

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# छोटे साहिबजादे : जिन्हें मुगलों ने दीवार में जिंदा चुनवा दिया!

**इंजी. परमिंदरजीत सिंह**

धर्म की खातिर खुशी-खुशी शहादत और जंग में दुश्मनों को धूल चटाने वाले गुरु गोबिंद सिंह जी के चार साहिबजादों के बारे में शायद ही कोई ऐसा होगा जो नहीं जानता होगा। जहां गुरु जी के दो बड़े साहिबजादे जंग में लड़ते हुए शहीद हो गए, वहीं दो छोटे साहिबजादों को जिंदा दीवार में चिनवा दिया गया। भले ही आज किताबों में इनके बारे में ज्यादा ज़िक्र न हो लेकिन यह नन्हीं जानें अपने पीछे आज एक मिसाल कायम करने वाले पदचिह्न छोड़ गए हैं। छोटे साहिबजादे अपने इरादों पर अटल रहे और मुगलों के सामने न झुकते हुए मौत को गले लगाना बेहतर समझा।

**आनंदपुर साहिब किले की वो भीषण लड़ाई** – शुरुआत हुई आनंदपुर साहिब के किले से, जहां गुरु गोबिंद सिंह जी के शूरवीर सिंह और मुगल सेना के बीच कई माह से घमासान युद्ध जारी था।

गुरु गोबिंद सिंह और उनके सिंह हार मानने को तैयार नहीं हैं, नन्हीं जानें, ये देख कर औरंगजेब हतप्रभ रह गया।

ऐसे में उसने गुरु जी को एक खत लिखा कि मैं कुरान की कसम खाता हूं, यदि आप आनंदपुर का किला खाली कर दें तो आपको बिना किसी रोक-टोक के यहां से जाने दिया जाएगा। हालांकि गुरु जी को औरंगजेब पर विश्वास नहीं था लेकिन उन्होंने उसे आजमाने के लिए किला छोड़ देना स्वीकार कर लिया।

**बिछड़ गया गुरु जी का परिवार** – किले से निकलने की देर ही थी कि मुगल सेना गुरु जी और उनके बहादुर सिंहों पर टूट पड़ी। सरसा नदी के किनारे एक बार फिर घमासान युद्ध हुआ और इस युद्ध में एक नुकसान यह हुआ कि गुरु जी का पूरा परिवार अलग-थलग हो गया।

गुरु जी के छोटे सुपुत्र साहिबजादा जोरावर सिंह और साहिबजादा फतेह सिंह अपनी दादी माता गुजरी जी के साथ चले गए। बड़े साहिबजादे युद्ध लड़ते-लड़ते गुरु जी के साथ सरसा नदी पार करके रात को रोपड़ नगरी में रहे और तड़के चमकौर साहिब की गढ़ी जा पहुंचे।

छोटे साहिबजादे जब जंगल पार कर रहे थे तो शेर, सांप और कई अन्य जानवर उनके सामने आए लेकिन वह माता गुजरी जी के साथ बाणी का पाठ करते हुए आगे बढ़ते रहे।

**गंगू ने किया विश्वासघात** – जंगल पार करते हुए रात हो चुकी थी और माता गुजरी और छोटे साहिबजादे एक झोपड़ी में ही रात बिताने लगे। इस घटना की खबर सुनकर अगले दिन सुबह गुरु जी के लंगर का सेवक गंगू नाम का ब्राह्मण माता जी के पास जा पहुंचा। वह अपने घर माता जी और छोटे साहिबजादों को ले गया, लेकिन उसने माता जी के साथ विश्वासघात कर दिया। जब रात को माता जी और साहिबजादे सो रहे थे तो उसने दबे पांव आकर माता जी की अशर्फियों की पोटली चुरा ली। हालांकि माता जी ने उसे यह करते हुए देख लिया था लेकिन उन्होंने गंगू को कुछ नहीं कहा। इतना ही नहीं गंगू ने माता जी के साथ एक ओर विश्वासघात करते हुए मुरिण्डे के कोतवाल को यह जानकारी दे दी कि माता जी और छोटे साहिबजादे उसके घर में छिपे हुए हैं। इस पर कोतवाल ने तुरंत अपने सिपाहियों को भेजते हुए माता जी और साहिबजादों को बंदी बनाकर लाने का आदेश दे दिया। इस आदेश के बाद माता जी और साहिबजादों को रात में मुरिण्डे की हवालात में कैद कर दिया गया।

माता जी ने साहिबजादों को गुरु नानक देव और गुरु तेग बहादुर जी की बहादुरी के बारे में बताया और रहिरास का पाठ करके वह सो गए। अगली सुबह उन्हें बैलगाड़ी में बैठाकर सरहंद के बसी थाने लिजाया गया।

लोगों की भीड़ भी साथ चल रही थी। माता जी और छोटे साहिबजादों को निडर देख लोग कह रहे थे ये वीर पिता के वीर सपूत हैं।

सरहंद पहुंचकर रात को माता जी और दोनों साहिबजादों को ठंडे बुर्ज में रखा गया जहां चल रही हांड़ कंपा देने वाली ठंडी हवाएं किसी भी व्यक्ति को कमज़ोर बना सकती थीं लेकिन वह अपने इरादों पर अडिग थे।

**वाहेगुरु के जयकारे से गूंज उठी मुगल कचहरी** – अगले दिन सुबह नवाब वजीर खान के सिपाही आए और साहिबजादों को नवाब की कचहरी में ले गए। उन्होंने अंदर पहुंचते ही गर्ज कर फतेह बुलाई **वाहेगुरु जी का खालसा। वाहेगुरु जी की फतेह।।** उनके ऊंचे जयकारे की आवाज़ से पूरी कचहरी गूंज उठी और सभी की नज़रें साहिबजादों पर थी।

वज़ीर खान उन्हें बच्चा समझते हुए पुचकार कर बोला बच्चों तुम बहुत भले लगते हो मुसलमान कौम को तुम पर बहुत गर्व होगा यदि तुम कलमा पढ़कर मोमिन बन जाओ, तुम्हें मुंह मांगी मुराद

मिलेगी। इस पर दोनों साहिबजादे गर्ज कर बोले हमें अपना धर्म प्रिय है। यह सुनकर नवाब को गुस्सा आया और काजी से बोला सुन लिया इन बागियों का गुस्ताखी भरा जवाब इन्हें सज़ा देनी ही पड़ेगी ये बागी की संतान हैं।

ये सब सुनकर भी जब साहिबजादे डरे नहीं तो वहां बैठा दीवान सुच्चानंद उठकर आया और बोला कि यदि तुम्हें छोड़ दिया जाए तो तुम कहां जाओगे। इस पर साहिबजादों ने कहा कि वह जंगल में जाएंगे, सिखों और घोड़ों को इकट्ठा करेंगे, फिर तुमसे लड़ेंगे।

इस पर दीवान ने गुस्से में आते हुए नवाब से कहा कि इन बच्चों को सज़ा तो देनी ही पड़ेगी अन्यथा आगे चलकर यह भी हमारे साथ बगावत ही करेंगे।

**काजी का फतवाए जिंदा नींव में चिनवा दो** – दरबार में मौजूद काजी ने साहिबजादों का सुच्चानंद के साथ हुआ वार्तालाप सुना और कुछ देर सोचने के बाद फतवा जारी कर दिया। इसमें लिखा था कि कि ये बच्चे बगावत पर तुले हैं इन्हें जिंदा ही नींव में चिनवा दिया जाए। फतवा सुनाकर साहिबजादों को वापस ठंडा बुर्ज भेज दिया गया जहां उन्होंने दादी माता गुजरी को कचहरी में हुई सारी बात सुनाई।

वहीं नवाब ने काजी को हुक्म दिया कि बच्चों को दीवार में चिनवाने के लिए जल्लाद का इंतजाम किया जाए। अगले दिन साहिबजादों को दोबारा कचहरी लाया गया और फिर उनके विचार पूछे गए लेकिन वह अपने इरादों पर अटल रहे। दोनों ने एक बार फिर कहा कि हम अपना धर्म नहीं बदलेंगे यह सुनकर एक कर्मचारी आगे आया और बोला हुजूर दिल्ली के शाही जल्लाद मिसाल बेग और विसाल बेग कचहरी में उपस्थित हैं। आज इनकी पेशी है अगर आप इन्हें माफ कर दें तो यह बच्चों को नींव में चिनने के लिए राजी हैं। नवाब ने तुरंत हुक्म दिया कि इन जल्लादों का मुकद्दमा बर्खास्त किया जाता है और इन बच्चों को जल्लादों के हवाले कर दिया जाए। आदेश की तामील की गई और बच्चों को उस जगह ले जाया गया जहां दीवार बनाई जा रही थी। साहिबजादों को उस दीवार के बीच खड़ा कर दिया गया। अब काजी ने एक बार फिर कहा कि दीन कबूल लो क्यों अपनी नन्हीं जानें अकारण खो रहे हो।

जल्लादों ने भी उन्हें फुसलाने की कोशिश की लेकिन साहिबजादों ने जल्लादों से कहा कि जल्दी से जल्दी मुगल राज्य का अंत करो, पापों की दीवार और ऊंची करो देर क्यों कर रहे हो। इतना कह कर दोनों साहिबजादे जपुजी साहिब का पाठ करने लगे और उधर जल्लादों ने दीवार खड़ी करनी शुरू कर दी।

**शहीद हो गए साहिबजादे** – जब दीवार बच्चों के सीने तक आ गई तो एक बार फिर काजी और नवाब ने उनसे धर्म कबूल करने को कहा लेकिन उन्होंने इंकार कर दिया।

छोटे साहिबजादे फतेह सिंह ने कहा कि हमारे दादा जी गुरु तेग बहादुर साहिब ने शीश दिया पर धर्म नहीं छोड़ा हम जल्दी ही उनके पास पहुंच जाएंगे वह हमारे रक्षक हैं।

थोड़ी देर बाद ही दोनों साहिबजादे बेहोश हो गए यह देखकर जल्लाद घबरा गए। जल्लाद आपस में कहने लगे कि ये अपनी अंतिम सांसें ले रहे हैं दीवार और ऊंची करने की आवश्यकता नहीं है रात उतर रही है इनका गला काटकर जल्दी काम खत्म किया जाए। इतना कहना भर था कि दोनों बेहोश हो चुके साहिबजादों को बाहर निकाला गया और उन्हें शहीद कर दिया गया।

यह देख आसपास खड़े लोगों की आंखों से आंसुओं की धार फूट पड़ी और वह आह भरकर नवाब और काजी को कोसने लगे।

इधर छोटे साहिबजादे शहीद हुए और उधर ठंडे बुर्ज में माता गुजरी जी ने अपने प्राण त्याग दिए।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# GURDWARAS WITHIN THE HOLY PRECINCTS OF FATEHGARH SAHIB



**GURDWARA BHORA SAHIB -** Gurdwara Bhora Sahib stands within the holy precincts of Gurdwara Fatehgarh Sahib which immortalises the martyrdom of the two younger Sahibzadas of Guru Gobind Singh, namely Sahibzada Zorawar Singh and Sahibzada Fateh Singh, being the place where the Sahibzadas were bricked alive in the wall. During his reign, Maharaja Rajendra Singh of Patiala gor constructed a Gurdwara at this historic place and Raja Gurdit Singh of Chetgarh is said to have made enthusiastic attempts to get the holy shrine repaired and renovated. It was in the year 1944 that the historic monument received its present design and style. The efforts of the sangats for the maintenance of the shrine with which the past of the Sikhs is attached are legendary.

**BURJ MATA GUJARI JI -** Burj Mata Gujari ji known as Thanda Burj or cold tower stands today within the holy precincts of Gurdwara Fatehgarh Sahib in the shape of a grand Gurdwara tot he East-West. It was

destroyed during the Sikh-Afghan struggle in the eighteenth century. Albeit, later on a holy shrine was erected near the tower.

Pages of history reveal the unfortunate times when Sahibzadas Zorawar Singh and Fateh Singh along with their grandmother Mata Gujari ji had been detained there deliberately at the cold place in the months of December-January for physical torture and it was from there that the Sahibzadas had been appearing in the court of Nawab Wazir Khan after receiving blessings from Mata Gujari Ji. It was here at the Thanda Burj that the news of the torture and execution of the Sahibzadas was received by Mata Gujari Ji. This historic place solemnises and eternalises the greatest human sacrifice of the innocent souls at the altar of the faith.

**GURDWARA SHAHID GANJ -** Gurdwara Shahid Ganj situated within the inner circumembulation of Gurdwara Fatehgarh Sahib is the reminiscence of a great historic event when during Banda Singh Bahadur's time six thousand Singhs sacrificed their lives in the battle field after showing gallantry during the Sikh-Mughal struggle in A.D. 1711. Their dead bodies having been cremated there, the place is known as Shahid Ganj.

**GURDWARA BIBANGARH SAHIB -** Standing in the East of Gurdwara Fetehgarh Sahib at a distance of about half a furlong, this historic shrine perpetuates the memory of the last journey of the two beloved sons of Guru Gobind Singh, Sahibzada Zorawar Singh and Sahibzada Fateh Singh along with their grandmother Mata Gujari ji. Their dead bodies were kept at the place where a small room has been got erected now. Sri Guru Granth Sahib has been placed and is recited there according to Sikh maryada.

**GURDWARA JOTI SARUP -** The cremation of the two Sahibzadas, Zorawar Singh and Fateh Singh along with their grandmother, Mata Gujari Ji took place here at the place where Gurdwara Joti Sarup stands erected on Sirhind-Chandigarh Road about one and half kilometers from Gurdwara Fatehgarh Sahib. There is a local tradition that Maharaja Karam Singh in a dream received an inkling about the lying of the last remains of the Sahibzadas and Mata Gujari ji at this place whence in A.D. 1845 he got built one storeyed pacca memorial and started a free kitchen (langar) at this place. He performed an ardasa of some land for the Gurdwara to perpetuate the sacred memory of the Sahibzadas and Mata Ji. Mata Gujari Ji's memorial was got built towards the East in the outer precincts. Later on, two storeys of the Gurdwara were got constructed. A sarover or a tank of nectar has also been provided with the voluntary contributions which is a characteristic of the sangats.

The Shiromani Gurdwara Parbandhak Committee has played a vital role in keeping up the magnanimity of those gurdwaras.

**ਚੁੱਪ ਰਹਿਣ ਇਕ ਸਾਧਨਾ ਹੈ, ਤਪੱਸਿਆ ਹੈ,**
**ਪਰ ਸੋਚ ਸਮਝ ਕੇ ਬੋਲਣਾ ਇਕ ਕਲਾ ਹੈ ।**



# MATRIMONIAL



SEEKING MATCH FOR GHOTRA-LOBANA BOY 07.09.1988 BORN, HEIGHT 5’11”, FAIR COMPLEXION, QUALIFICATION – MASTER OF COMPUTER APPLICATIONS (MCA), OCCUPATION – WORKING IN IT (INFO. TECH.) COMPANY AS A PROJECT MANAGER FROM PAST 10 YEARS. FAMILY – FATHER, MOTHER, 2 ELDER SISTERS (MARRIED & WELL SETTLED) & ONE YOUNGER BROTHER – UNMARRIED. RESIDENCE IN ZIRAKPUR, MOHALI-PB. CONTACT – 99880-67388, 97803-79590

* * * * *

GURSIKH BOY REQUIRED FOR BEAUTIFUL LOBANA SIKH GIRL, MBA, PRIVATE JOB AGE 28 YEARS. CONTACT - 8054936567.

* * * * *

LUBANA SIKH BOY DEC'92, 5.11FT. BE MBA, FAMILY SETTLED AT AMRITSAR SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886

* * * * *

SEEKING MATCH FOR 6” TALL, FAIR COMPLECTION, WELL BUILT TURBANED LUBANA SIKH BOY, DOB 28-02-1997, EDUCATION QUALIFICATION BBA, PROPERTY CONSULTANT FOR LAST FOR YEARS. VERY SOFT SPOKEN GENTLE, INTALEGENT AND FAMILY ORIENTED BOY. FATHER EX. ARMY OFFICER, MOTHER RETD. TEACHER. FAMILY HAVING PROPERTY IN MOHALI. SISTER WORKING AS SEN. MANAGER IN BANK. CONTACT NO. 81464-35577, 95013-85577

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਨਵੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ: ਬਲਜੀਤ ਸਿੰਘ | 442 | 5100/- | 04.11.2024 |
| | ਸਪੁੱਤਰ ਇੰਜ ਹਰਨਾਮ ਸਿੰਘ, ਮ. ਨੰ: 698, ਫ਼ੇਸ-10, ਮੁਹਾਲੀ | | | |
| | (ਆਪਣੇ ਪਿਤਾ ਜੀ ਦੇ 100ਵੇਂ ਜਨਮ ਸ਼ਤਾਬਦੀ ਦੇ ਮੌਕੇ ਤੇ ਭੇਟਾਂ ਵਜੋਂ ਦਾਨ ਕੀਤੇ।) | | | |
| 2. | ਸ: ਰਵਿੰਦਰ ਸਿੰਘ | 443 | 5100/- | 04.11.2024 |
| | ਗੁਰੂ ਘਰ ਮੁੱਖ ਸੇਵਾਦਾਰ, ਮ. ਨੰ: 2092, ਸੈਕਟਰ-45, ਚੰਡੀਗੜ੍ਹ। | | | |
| | (ਆਪਣੇ ਪੋਤੇ ਦੇ ਜਨਮ ਦਿਵਸ ਦੀ ਖੁਸ਼ੀ ਤੇ ਭਵਨ ਦੇ ਗੁਰੂ ਘਰ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਾਉਣ ਵਜੋਂ ਦਾਨ ਕੀਤੇ।) | | | |
| 3. | ਗੁਪਤਦਾਨ | 444 | 500/- | 05.11.2024 |
| 4. | ਕਰਨਲ ਪਰਮਜੀਤ ਸਿੰਘ ਪਾਲੀਆ (ਰਿਟਾ.) | 445 | 2100/- | 05.11.2024 |
| | ਮ. ਨੰ: 763, ਸੈਕਟਰ 40ਏ, ਚੰਡੀਗੜ੍ਹ। | | | |
| 5. | ਸ਼੍ਰੀ ਪੁਨੀਤ ਚੌਧਰੀ | 446 | 1100/- | 10.11.2024 |
| | ਸਪੁੱਤਰ ਸ਼੍ਰੀ ਪਵਨ ਚੌਧਰੀ, ਮ. ਨੰ: 1461/1, ਸੈਕਟਰ-30ਬੀ, ਚੰਡੀਗੜ੍ਹ। | | | |
| 6. | ਗੁਰੂ ਘਰ ਦੀ ਗੋਲਕ | 447 | 16,860/- | 14.11.2024 |
| | ਬ.ਮ.ਸ.ਲ ਫ਼ਾਉਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ। | | | |
| 7. | ਸ: ਰਵਿੰਦਰ ਸਿੰਘ | 448 | 200/- | 16.11.2024 |
| | ਗੁਰੂ ਘਰ ਸੇਵਾਦਾਰ, ਮ. ਨੰ: 2092, ਸੈਕਟਰ-45, ਚੰਡੀਗੜ੍ਹ। | | | |
| 8. | ਪੰਡਿਤ ਰਾਮ ਕੁਮਾਰ | 449 | 500/- | 16.11.2024 |
| | ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | | | |
| 9. | ਕਰਨਲ ਗੁਰਦੀਪ ਸਿੰਘ (ਰਿਟਾ.) | 450 | 500/- | 16.11.2024 |
| | ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਐਸ.ਏ.ਐਸ. ਨਗਰ, ਮੋਹਾਲੀ | | | |
| 10. | ਸ: ਦਰਬਾਰਾ ਸਿੰਘ | 451 | 200/- | 16.11.2024 |
| | ਮ. ਨੰ: 130, ਸੈਕਟਰ 46ਏ, ਚੰਡੀਗੜ੍ਹ। | | | |
| 11. | ਸ: ਚਰਨਜੀਤ ਸਿੰਘ | 452 | 200/- | 16.11.2024 |
| | ਐਚ.ਐਲ.-600, ਫ਼ੇਜ਼-9, ਮੋਹਾਲੀ। | | | |
| 12. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.) | 453 | 200/- | 16.11.2024 |
| | ਮੈਂਟੀਨੈਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | | | |
| 13. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) | 454 | 200/- | 16.11.2024 |
| | ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | | | |

| | | | | |
|---|---|---|---|---|
| 14. | ਸ: ਜਗੀਰ ਸਿੰਘ<br>ਮ. ਨੰ: 2258/2, ਸੈਕਟਰ 45ਸੀ, ਚੰਡੀਗੜ੍ਹ। | 455 | 200/– | 16.11.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# Lobana Bhawan

Baba Makhan Shah Lobana Foundation (Regd.),
Sector 30-A, Chandigarh

**Facilities Available for All Types of Functions at reasonable rates**

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

# ਸਵ: ਸ. ਗਿਆਨ ਸਿੰਘ ਮੁਲਤਾਨੀ ਸਾਬਕਾ ਜਨਰਲ ਸਕੱਤਰ ਜੀ ਨੂੰ ਯਾਦ ਕਰਦਿਆਂ

## ਮੁਲਤਾਨੀ ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੂੰ ਹਰ ਮਹੀਨੇ 5000 ਰੁਪਏ ਦੀ ਸੇਵਾ ਦੇਣ ਦਾ ਫੈਸਲਾ



ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਸਾਬਕਾ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ, ਵਾਸੀ ਮਕਾਨ ਨੰ: 42, ਸੈਕਟਰ-16, ਚੰਡੀਗੜ੍ਹ, ਮਿਤੀ 20.12.2023 ਨੂੰ ਪ੍ਰਮਾਤਮਾ ਵਲੋਂ ਬਖ਼ਸ਼ੀ ਉਮਰ ਭੋਗ ਕੇ ਆਪਣੀ ਸੰਸਾਰਿਕ ਯਾਤਰਾ ਮਿਤੀ 26.04.1933 ਤੋਂ 20.12.2023 ਤੱਕ (ਤਕਰੀਬਨ 90 ਸਾਲ 8 ਮਹੀਨੇ ਦੇ) ਸੰਪੂਰਨ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਬਤੌਰ ਜੁਆਇੰਟ ਇਕਨੋਮਿਕ ਸਟੇਟਿਸਟੀਕਲ ਐਡਵਾਇਜ਼ਰ ਵਜੋਂ ਹਰਿਆਣਾ ਗੋਰਮਿੰਟ ਵਿੱਚ ਬਹੁਤ ਇਮਾਨਦਾਰੀ ਅਤੇ ਉੱਚੇ ਮਿਆਰ ਦੀਆਂ ਪੂਰਨ ਸੇਵਾਵਾਂ ਦੇ ਕੇ ਸਾਲ 1991 ਨੂੰ ਰਿਟਾਇਰ ਹੋਏ ਸਨ।ਆਪ ਜੀ ਦਾ ਪਿੰਡ ਪਿੱਪਲ ਮੰਗੋਲੀ, ਨੇੜੇ ਸ਼ੰਭੂ, ਰਾਜਪੁਰਾ ਜ਼ਿਲ੍ਹਾ ਪਟਿਆਲਾ ਹੈ। ਪਿਛੋਕੜ ਪਿੰਡ ਅਇਆ ਨਗਰ ਕਲ੍ਹਾਂ (ਵੱਡਾ) ਜ਼ਿਲ੍ਹਾ ਸ਼ੇਖਪੁਰਾ (ਪੱਛਮੀ ਪੰਜਾਬ-ਪਾਕਿਸਤਾਨ ) ਵਿਚ ਹੈ ਤੇ1947 ਦੌਰਾਨ ਪਿੰਡ ਪਿੱਪਲ ਮੰਗੋਲੀ ਆ ਕੇ ਵਸੇ ਸਨ। ਆਪ ਜੀ ਸੇਵਾ ਮੁਕਤ ਹੋਣ ਉਪਰੰਤ ਅਤੇ ਚੰਡੀਗੜ੍ਹ ਵਾਸੀ ਹੋਣ ਕਰਕੇ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਨਾਲ ਤਨ, ਮਨ ਅਤੇ ਧਨ ਨਾਲ ਮੁੱਢ ਤੋਂ ਹੀ ਜੁੜੇ ਰਹੇ ਸਨ ਅਤੇ ਦਿਲ ਜਾਨ ਨਾਲ ਸੇਵਾ ਨਿਭਾਉਂਦੇ ਹੋਏ ਆਪ ਜੀ ਦੇ ਹਿੱਸੇ ਬਤੌਰ ਜਨਰਲ ਸੱਕਤਰ, ਵਿੱਤ ਸਕੱਤਰ, ਸੀਨੀਅਰ ਵਾਇਸ ਪ੍ਰਧਾਨ (ਹੈ.ਕੁ.) ਅਤੇ ਅਖੀਰ ਤੱਕ ਕਾਰਜਕਾਰੀ ਕਮੇਟੀ ਦੇ ਮੈਂਬਰ ਹੋਣ ਦਾ ਮਾਣ ਝੋਲੀ ਪਿਆ।ਆਪ ਦੀਆਂ ਯੋਗ ਸਲਾਹਾਂ ਅਤੇ ਸੇਵਾਵਾਂ ਫ਼ਾਊਂਡੇਸ਼ਨ ਕਦੀ ਨਹੀਂ ਭੁੱਲ ਸਕਦੀ ਅਤੇ ਹਮੇਸ਼ਾ ਰਿਣੀ ਰਹੇਗੀ।

ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨੇ ਆਪਣਾ ਜੀਵਨ ਨੂੰ ਆਦਰਸ਼ ਬਣਾਉਂਦੇ ਹੋਏ ਆਪਣੇ ਪਰਿਵਾਰ ਨੂੰ ਵੀ ਸਹੀ ਸੇਧ ਦੇ ਕੇ ਉੱਚ ਸਿਖਿਅਤ ਬਣਾਇਆ ਹੈ। ਆਪ ਜੀ ਦਾ ਸਪੁੱਤਰ ਇੰਜ: ਅਮਰਜੀਤ ਸਿੰਘ ਬਤੌਰ ਇੰਚਾਰਜ ਡਾਇਰੈਕਟਰ ਵੱਡੀਆਂ ਮਲਟੀਨੈਸ਼ਨਲ ਕੰਪਨੀਆਂ ਦੇ ਮੁੱਖੀ ਦੇ ਤੌਰ ਤੇ ਸੇਵਾ ਨਵਿਰਤ ਹੋਏ ਹਨ ਅਤੇ ਬੇਟੀ ਡਾਕਟਰ ਬਲਬੀਰ ਕੌਰ ਡਾਕਟਰੀ ਸੇਵਾਵਾਂ ਤੋਂ ਰਿਟਾਇਰ ਹੋਏ ਹਨ। ਡਾਕਟਰ ਕਮਲਜੀਤ ਸਿੰਘ ਗਿਆਨ ਸਾਗਰ ਸੰਸਥਾ ਵਿੱਚ ਬਤੌਰ ਪ੍ਰਿੰਸੀਪਲ ਤੈਨਾਤ ਹਨ। ਸਾਰਾ ਪਰਿਵਾਰ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਦੇ ਕਦਮ ਚਿਨ੍ਹਾਂ ਤੇ ਚਲਦੇ ਹੋਏ ਫ਼ਾਊਂਡੇਸ਼ਨ ਦੇ ਨਾਲ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਤਨ, ਮਨ, ਧਨ ਨਾਲ ਸੇਵਾਵਾਂ ਨਿਭਾਉਂਦੇ ਰਹਿੰਦੇ ਹਨ।

ਆਪ ਜੀ ਦੇ ਸਪੁੱਤਰ ਸ. ਅਮਰਜੀਤ ਸਿੰਘ ਅਤੇ ਪਰਿਵਾਰ ਨੇ ਆਪਣੇ ਪਿਤਾ ਜੀ ਦੀ ਸਲਾਨਾ ਬਰਸੀ ਮੌਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਹਰ ਮਹੀਨੇ 5000 ਰੁਪਏ ਦੀ ਮਾਇਕ ਸਹਾਇਤਾ ਦੇਣ ਦਾ ਅਹਿਦ ਕੀਤਾ ਹੈ। ਪ੍ਰਧਾਨ ਜੀ ਅਤੇ ਸਮੁੱਚੀ ਫਾਊਂਡੇਸ਼ਨ ਵੱਲੋਂ ਸ. ਅਮਰਜੀਤ ਸਿੰਘ ਅਤੇ ਪਰਿਵਾਰ ਦੇ ਇਸ ਕਦਮ ਦੀ ਬਹੁਤ ਸ਼ਲਾਘਾ ਕੀਤੀ ਗਈ। ਇਸ ਤਰੀਕੇ ਨਾਲ ਸ. ਗਿਆਨ ਸਿੰਘ ਮੁਲਤਾਨੀ ਜੀ ਦੀ ਯਾਦ ਫਾਊਂਡੇਸ਼ਨ ਨਾਲ ਹਮੇਸ਼ਾ ਜੁੜੀ ਰਹੇਗੀ।

-ਸੰਪਾਦਕ

Postal No. - Jallandhar Vide No. L-4/PB/JL-0196/2024-2026

# ਮਿਤੀ 20-11-2024 ਦਿਨ ਬੁੱਧਵਾਰ ਫਾਇਨਾਂਸ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ



# ਮਿਤੀ 16-11-2024 ਨੂੰ ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ

